25-MAY-PAGE-1.qxd 5/24/2023 9:59 PM Page 1

ਵੀਰਵਾਰ, 25 ਮਈ, 2023
11 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 354

ਨਵਾਂ ਜ਼ਮਾਨਾ

DAILY NAWAN ZAMANA • THURSDAY, 25 MAY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਰੂਹ-ਵਿਹੂਣੀ ਨਵੀਂ ਸੰਸਦ !

19 ਪਾਰਟੀਆਂ ਵੱਲੋਂ ਉਦਘਾਟਨੀ ਸਮਾਰੋਹ ਦੇ ਬਾਈਕਾਟ ਦਾ ਐਲਾਨ

ਨਵੀਂ ਦਿੱਲੀ : ਦੇਸ਼ ਦੀਆਂ 19 ਵਿਰੋਧੀ ਪਾਰਟੀਆਂ ਨੇ ਸਾਂਝਾ ਬਿਆਨ ਜਾਰੀ ਕਰਕੇ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਰੋਹ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਜਦੋਂ ਲੋਕਤੰਤਰ ਦੀ ਆਤਮਾ ਨੂੰ ਸੰਸਦ ਵਿੱਚੋਂ ਵੱਖ ਕਰ ਦਿੱਤਾ ਗਿਆ ਹੈ ਤਾਂ ਇਸ ਨਵੀਂ ਇਮਾਰਤ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। ਉਨ੍ਹਾਂ ਸਾਂਝੇ ਬਿਆਨ 'ਚ ਇਹ ਵੀ ਦੋਸ਼ ਲਾਇਆ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਉਦਘਾਟਨ ਕਰਨ ਤੋਂ ਲਾਂਭੇ ਕਰਨਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਵੀਂ ਸੰਸਦ ਭਵਨ ਦਾ ਉਦਘਾਟਨ ਕਰਨ ਦਾ ਫੈਸਲਾ ਲੋਕਤੰਤਰ 'ਤੇ ਸਿੱਧਾ ਹਮਲਾ ਹੈ। ਬਾਈਕਾਟ ਕਰਨ ਵਾਲੀਆਂ ਪਾਰਟੀਆਂ 'ਚ ਕਾਂਗਰਸ, ਤ੍ਰਿਣਮੂਲ ਕਾਂਗਰਸ, ਡੀ ਐੱਮ ਕੇ, ਜਨਤਾ ਦਲ (ਯੂਨਾਈਟਿਡ), ਆਮ ਆਦਮੀ ਪਾਰਟੀ, ਰਾਸ਼ਟਰਵਾਦੀ ਕਾਂਗਰਸ

● ਬਾਕੀ ਸਫ਼ਾ 2 'ਤੇ

'ਆਪ' ਨੂੰ ਠਾਕਰੇ ਦਾ ਵੀ ਸਾਥ ਮਿਲਿਆ

ਮੁੰਬਈ (ਗੁਰਜੀਤ ਬਿੱਲਾ) : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਕੇਂਦਰ ਦੇ ਆਰਡੀਨੈਂਸ ਖਿਲਾਫ ਵਿਰੋਧੀ ਪਾਰਟੀਆਂ ਨੂੰ ਇਕੱਠਾ ਕਰਨ ਦੀ ਮੁਹਿੰਮ ਰੰਗ ਲਿਆ ਰਹੀ ਹੈ। ਬੁੱਧਵਾਰ ਨੂੰ ਊਧਵ ਠਾਕਰੇ ਦੀ ਸ਼ਿਵ ਸੈਨਾ ਨੇ ਵੀ ਦਿੱਲੀ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਤੇ ਡਿਪਟੀ ਸੀ ਐੱਮ ਤੇਜਸਵੀ ਯਾਦਵ ਰਾਜ ਸਭਾ ਵਿੱਚ ਇਸ ਆਰਡੀਨੈਂਸ ਦਾ ਵਿਰੋਧ ਕਰਨ ਦਾ ਐਲਾਨ ਕਰ ਚੁੱਕੇ ਹਨ।

ਕੇਜਰੀਵਾਲ ਨੇ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਦਿੱਲੀ ਦੇ ਲੋਕਾਂ ਨੇ ਆਪਣੇ ਹੱਕਾਂ ਲਈ ਲੰਬੀ ਲੜਾਈ ਲੜੀ ਹੈ। 2015 ਵਿੱਚ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਹੀ ਮੋਦੀ ਸਰਕਾਰ ਨੇ ਨੋਟੀਫਿਕੇਸ਼ਨ ਪਾਸ ਕਰਕੇ ਸਾਡੇ ਸਾਰੇ ਅਧਿਕਾਰ ਖੋਹ ਲਏ। ਫਰਵਰੀ 2015 ਵਿੱਚ ਸਾਡੀ ਸਰਕਾਰ ਬਣਦੀ ਹੈ ਅਤੇ ਮਈ ਵਿੱਚ (ਤਿੰਨ ਮਹੀਨਿਆਂ ਦੇ ਅੰਦਰ) ਮੋਦੀ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਸਾਡੀਆਂ ਸ਼ਕਤੀਆਂ ਖੋਹ ਲੈਂਦੀ ਹੈ। ਇਸ ਤੋਂ ਬਾਅਦ ਦਿੱਲੀ ਦੇ ਲੋਕਾਂ ਨੇ 8 ਸਾਲ ਤੱਕ ਸੁਪਰੀਮ ਕੋਰਟ ਵਿੱਚ ਆਪਣੇ ਹੱਕਾਂ ਲਈ ਲੜਾਈ ਲੜੀ। 8 ਸਾਲਾਂ ਦੀ ਲੰਮੀ ਲੜਾਈ ਤੋਂ ਬਾਅਦ ਜਿਸ ਦਿਨ ਸੁਪਰੀਮ ਕੋਰਟ ਦਾ ਫੈਸਲਾ ਆਇਆ, ਸਿਰਫ 8 ਦਿਨਾਂ ਦੇ ਅੰਦਰ ਕੇਂਦਰ ਸਰਕਾਰ ਨੇ ਆਰਡੀਨੈਂਸ ਲਿਆ ਕੇ ਸਾਡੇ ਤੋਂ ਸਾਰੇ ਅਧਿਕਾਰ ਖੋਹ ਲਏ।

ਊਧਵ ਠਾਕਰੇ ਨੇ ਕਿਹਾ ਕਿ ਆਉਣ ਵਾਲਾ ਸਾਲ ਚੋਣਾਂ ਦਾ ਹੈ। ਜੇਕਰ ਇਸ ਵਾਰ ਰੇਲ ਗੱਡੀ ਖੁੰਝ ਗਈ ਤਾਂ ਸਾਡੇ ਦੇਸ਼ ਵਿੱਚੋਂ ਲੋਕਤੰਤਰ ਸਦਾ ਲਈ ਅਲੋਪ ਹੋ ਜਾਵੇਗਾ। ਅਸੀਂ ਲੋਕਤੰਤਰ ਨੂੰ ਬਚਾਉਣ ਲਈ ਇਕੱਠੇ ਹੋਏ ਹਾਂ। ਮੈਂ 'ਵਿਰੋਧੀ ਧਿਰ ਏਕਤਾ' ਸ਼ਬਦ ਦੀ ਵਰਤੋਂ ਨਹੀਂ ਕਰਾਂਗਾ, ਕਿਉਂਕਿ ਅਸੀਂ ਕਿਸੇ ਦੇ ਵਿਰੋਧ ਵਿੱਚ ਨਹੀਂ ਹਾਂ। ਅਸੀਂ ਸਾਰੇ ਦੇਸ਼ ਭਗਤ ਹਾਂ। ਜਿਹੜੇ ਲੋਕ ਲੋਕਤੰਤਰ ਨੂੰ ਦੇਸ਼ ਵਿੱਚੋਂ ਕੱਢਣਾ ਚਾਹੁੰਦੇ ਹਨ, ਅਸੀਂ ਅਜਿਹੇ ਲੋਕਾਂ ਨੂੰ ਲੋਕਤੰਤਰ ਵਿਰੋਧੀ ਕਹਿੰਦੇ ਹਾਂ। ਅੱਜ ਅਸੀਂ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਅਤੇ ਇਨ੍ਹਾਂ ਲੋਕਤੰਤਰ ਵਿਰੋਧੀ ਲੋਕਾਂ ਖਿਲਾਫ ਲੜਨ ਲਈ ਇਕੱਠੇ ਹੋਏ ਹਾਂ।

ਸੰਵਿਧਾਨ ਦਾ ਮਜ਼ਾਕ ਉਡਾਉਣ ਵਾਲੇ ਸਮਾਗਮ 'ਚ ਨਹੀਂ ਜਾਵਾਂਗਾ : ਮਾਨ

ਚੰਡੀਗੜ੍ਹ, (ਗੁਰਜੀਤ ਬਿੱਲਾ)-ਨਵੀਂ ਸੰਸਦ ਦੇ ਉਦਘਾਟਨੀ ਸਮਾਰੋਹ ਵਿੱਚ ਦੇਸ਼ ਦੇ ਰਾਸ਼ਟਰਪਤੀ ਨੂੰ ਸੱਦਾ ਨਾ ਦੇ ਕੇ ਇਸ ਵਕਾਰੀ ਅਹੁਦੇ ਦਾ ਅਪਮਾਨ ਕਰਨ ਲਈ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ 28 ਮਈ ਨੂੰ ਹੋਣ ਵਾਲੇ ਸਮਾਗਮ ਵਿੱਚ ਸਾਮਲ ਨਹੀਂ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਵੀ ਸੰਸਦ ਦਾ ਨਵਾਂ ਅਜਲਾਸ ਬੁਲਾਇਆ ਜਾਂਦਾ ਹੈ ਤਾਂ

● ਬਾਕੀ ਸਫ਼ਾ 2 'ਤੇ

ਸੁਖਬੀਰ ਬਾਦਲ ਸ਼ਾਮਲ ਹੋਣਗੇ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਵੇਂ ਸੰਸਦ ਭਵਨ ਦੇ ਉਦਘਾਟਨ ਦੇ ਸਮਾਗਮ 'ਚ ਸ਼ਾਮਲ ਹੋਣਗੇ। ਇਹ ਜਾਣਕਾਰੀ ਦਿੰਦਿਆਂ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਸਾਡੇ ਲਈ ਮਾਣ ਵਾਲਾ ਮੌਕਾ ਹੈ ਤੇ ਇਸ ਮੌਕੇ ਦਾ ਸਿਆਸੀਕਰਨ ਨਹੀਂ ਹੋਣਾ ਚਾਹੀਦਾ।

ਬਾਰ੍ਹਵੀਂ 'ਚ ਪਹਿਲੀਆਂ ਤਿੰਨੇ ਪੁਜ਼ੀਸ਼ਨਾਂ ਕੁੜੀਆਂ ਦੀਆਂ

ਮੁਹਾਲੀ : ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਦੇ ਨਤੀਜਿਆਂ ਵਿਚ ਕੁੜੀਆਂ ਦੀ ਝੰਡੀ ਰਹੀ। ਜ਼ਿਲ੍ਹਾ ਮਾਨਸਾ ਦੇ ਸਰਦੂਲਗੜ੍ਹ ਦੀ ਸੁਜਾਨ ਕੌਰ ਨੇ 100 ਫੀਸਦੀ (500/500) ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਬਠਿੰਡਾ ਦੀ ਸ਼ਰੇਆ ਸਿੰਗਲਾ ਨੇ 498 ਅੰਕ ਲੈ ਕੇ ਦੂਜਾ ਅਤੇ ਲੁਧਿਆਣਾ ਦੀ ਨਵਪ੍ਰੀਤ ਕੌਰ ਨੇ 497 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਇਹ ਤਿੰਨੋਂ ਵਿਦਿਆਰਥਣਾਂ ਹਿਊਮੈਨਟੀਜ਼ ਗਰੁੱਪ ਦੀਆਂ ਹਨ। ਕੁਲ ਨਤੀਜਾ 92.47 ਫੀਸਦੀ ਰਿਹਾ। ਗੁਰਦਾਸਪੁਰ ਜ਼ਿਲ੍ਹਾ 96.91 ਫੀਸਦੀ ਨਾਲ ਸਭ ਤੋਂ ਅੱਗੇ ਰਿਹਾ।ਹਿਊਮੈਨਟੀਜ਼ ਗਰੁੱਪ ਵਿਚ ਪਹਿਲਾ ਸਥਾਨ ਦਸ਼ਮੇਸ਼ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਸਰਦੂਲਗੜ੍ਹ ਦੀ ਸੁਜਾਨ ਕੌਰ ਨੇ ਹਾਸਲ ਕੀਤਾ। ਉਸ ਨੇ 500 ਵਿਚੋਂ 500 ਨੰਬਰ ਹਾਸਲ ਕੀਤੇ।

ਸੁਜਾਨ ਕੌਰ | ਸ਼ਰੇਆ ਸਿੰਗਲਾ | ਨਵਪ੍ਰੀਤ ਕੌਰ

ਇਸੇ ਤਰ੍ਹਾਂ ਐੱਮ ਐੱਸ ਡੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬਠਿੰਡਾ ਦੀ ਸ਼ਰੇਆ ਸਿੰਗਲਾ ਨੇ 498 ਨੰਬਰ ਹਾਸਲ ਕਰ ਕੇ ਦੂਸਰਾ ਸਥਾਨ ਹਾਸਲ ਕੀਤਾ। ਲੁਧਿਆਣਾ ਦੇ ਬੀ ਸੀ ਐੱਮ ਸੀਨੀਅਰ ਸੈਕੰਡਰੀ ਸਕੂਲ ਐਚ.ਐਮ 150 ਜਮਾਲਪੁਰ ਕਲੋਨੀ ਫੋਕਲ ਪੁਆਇੰਟ ਲੁਧਿਆਣਾ ਨੇ 497 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਬੋਰਡ ਵੱਲੋਂ ਬੁੱਧਵਾਰ ਐਲਾਨੇ ਗਏ ਨਤੀਜਿਆਂ ਅਨੁਸਾਰ ਸਾਇੰਸ 98.68, ਕਾਮਰਸ 98.30 ਫੀਸਦੀ, ਹਿਊਮੈਨਟੀਜ਼ 90.62 ਅਤੇ ਵੋਕੇਸ਼ਨਲ ਦਾ ਨਤੀਜਾ 84.66 ਫੀਸਦੀ ਰਿਹਾ। ਇਸ ਸਾਲ 6.25 ਫੀਸਦੀ ਕੰਪਾਰਟਮੈਂਟ ਆਈਆਂ।

ਇਸ ਵਾਰ 296709 ਵਿਦਿਆਰਥੀ ਪੇਪਰਾਂ ਵਿੱਚ ਬੈਠੇ , ਜਿਨ੍ਹਾਂ ਵਿਚੋਂ 274-378 ਵਿਦਿਆਰਥੀ ਪਾਸ ਹੋਏ, ਜਦਕਿ 3637 ਵਿਦਿਆਰਥੀ ਫੇਲ੍ਹ ਹੋਏ। ਇਸ ਤੋਂ ਇਲਾਵਾ 18569 ਵਿਦਿਆਰਥੀਆਂ ਦੀ ਕੰਪਾਰਟਮੈਂਟ ਆਈ ਅਤੇ 125 ਵਿਦਿਆਰਥੀਆਂ ਦਾ ਨਤੀਜਾ ਰੋਕਿਆ ਗਿਆ ਹੈ। ਕੁੜੀਆਂ ਦੀ ਪਾਸ ਫੀਸਦ 95.14 ਫੀਸਦੀ ਰਹੀ ਅਤੇ ਲੜਕਿਆਂ ਦੀ ਪਾਸ ਫੀਸਦੀ 90.25। ਸ਼ਹਿਰੀ ਖੇਤਰਾਂ ਵਿਚ ਪਾਸ ਫੀਸਦੀ 92.90 , ਪੇਂਡੂ ਖੇਤਰਾਂ ਵਿਚ 92.17, ਸਰਕਾਰੀ ਸਕੂਲਾਂ ਵਿੱਚ 91.86, ਨਿੱਜੀ ਸਕੂਲਾਂ ਦੀ ਪਾਸ ਫੀਸਦੀ 94.77 ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਪਾਸ ਫੀਸਦੀ 91.03 ਫੀਸਦੀ ਰਹੀ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧੀਆ ਨਤੀਜਿਆਂ ਲਈ ਵਧਾਈ ਦਿੱਤੀ ਹੈ।

ਜੇ

● ਬਾਕੀ ਸਫ਼ਾ 2 'ਤੇ

ਅੱਜ ਮੀਟਿੰਗ ਲਈ ਸੱਦ ਲੈਣ 'ਤੇ ਧਰਨਾ ਕੁਝ ਦਿਨ ਲਈ ਮੁਲਤਵੀ

ਪਟਿਆਲਾ : ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਨੁਮਾਇੰਦਿਆਂ ਨਾਲ ਬਿਜਲੀ ਮੰਤਰੀ ਪੰਜਾਬ ਅਤੇ ਪਾਵਰ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਮੰਗਾਂ ਸੰਬੰਧੀ 25 ਮਈ ਨੂੰ ਮੁਹਾਲੀ ਗੈਸਟ ਹਾਊਸ ਵਿਖੇ ਮੀਟਿੰਗ ਰੱਖ ਕੇ ਮਸਲੇ ਹੱਲ ਕਰਨ ਦਾ ਭਰੋਸਾ ਦੇਣ 'ਤੇ 25 ਮਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੰਮ੍ਰਿਤਸਰ ਵਿਖੇ ਦੇਣ ਵਾਲਾ ਸੂਬਾਈ ਰੋਸ ਧਰਨਾ ਜੁਆਇੰਟ ਫੋਰਮ ਨੇ ਆਨਲਾਈਨ ਮੀਟਿੰਗ ਕਰਕੇ 30 ਮਈ ਤੱਕ ਮੁਲਤਵੀ ਕਰ ਦਿੱਤਾ ਹੈ। ਜੁਆਇੰਟ ਫੋਰਮ ਦੇ ਆਗੂਆਂ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਕੌਰ ਸਿੰਘ ਸੋਹੀ, ਰਵੇਲ ਸਿੰਘ ਸਹਾਏਪੁਰ, ਜਗਜੀਤ ਸਿੰਘ ਕੋਟਲੀ, ਸਿਕੰਦਰ ਨਾਥ, ਜਗਰੂਪ ਸਿੰਘ ਮਹਿੰਮਦਪੁਰ, ਜਗਜੀਤ ਸਿੰਘ ਕੰਡਾ, ਹਰਪਾਲ ਸਿੰਘ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਅਵਤਾਰ ਸਿੰਘ ਕੈਂਥ, ਰਮੇਸ਼ ਸਿੰਘ, ਸਰਬਜੀਤ ਭਾਣਾ, ਸੁਖਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ, ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਨ, ਡੀ ਏ ਦੇ ਬਕਾਇਆ ਦੇਣ, 295/19 ਸੀ ਆਰ ਏ ਰਾਹੀਂ ਭਰਤੀ ਕਰਮਚਾਰੀਆਂ ਨੂੰ ਤੰਗ-ਪ੍ਰੇਸ਼ਾਨ ਕਰਨ, ਪਰਖ ਕਾਲ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਦੇਣ, ਭੱਤਿਆਂ ਵਿੱਚ ਯੋਗ ਵਾਧਾ ਕਰਨ, ਧੱਕੇ ਨਾਲ ਮੁਲਾਜ਼ਮਾਂ ਤੋਂ ਅਣਉਚਿਤ ਡਿਊਟੀਆਂ ਲੈਣ, ਮੁਲਾਜ਼ਮਾਂ ਦੀਆਂ ਤਰੱਕੀਆਂ ਰਹਿੰਦੇ ਕੇਡਰਾਂ ਨੂੰ ਪੇ ਬੈਂਡ ਦੇਣ,

● ਬਾਕੀ ਸਫ਼ਾ 2 'ਤੇ

ਨੌਜਵਾਨ ਦਾ ਕਤਲ, ਪੁਲਸ ਨੂੰ ਗੈਂਗਵਾਰ ਦਾ ਸ਼ੱਕ

ਬੁਤਾਲਾ (ਨਿਰਮਲ ਸੰਘਾ)- ਬੁੱਧਵਾਰ ਸਵੇਰੇ ਕਰੀਬ 11 ਵਜੇ ਤਿੰਨ-ਚਾਰ ਹਥਿਆਰਬੰਦ ਨਕਾਬਪੋਸ਼ ਨੌਜਵਾਨਾਂ ਨੇ ਅੰਨ੍ਹੇਵਾਹ ਫਾਇਰਿੰਗ ਕਰਕੇ ਪਿੰਡ ਸਠਿਆਲਾ 'ਚ ਨੌਜਵਾਨ ਦਾ ਕਤਲ ਕਰ ਦਿੱਤਾ। ਪੁਲਸ ਸੂਤਰਾਂ ਮੁਤਾਬਕ ਇਹ ਕਤਲ ਗੈਂਗਵਾਰ ਦਾ ਨਤੀਜਾ ਹੋ ਸਕਦਾ ਹੈ। 38 ਸਾਲਾ ਜਰਨੈਲ ਸਿੰਘ ਪੁੱਤਰ ਅਜੀਤ ਸਿੰਘ ਚੱਕੀ ਤੋਂ ਤੇਲ ਕਢਵਾ ਕੇ ਬਾਹਰ ਆ ਰਿਹਾ ਸੀ ਤਾਂ ਤਿੰਨ-ਚਾਰ ਨੌਜਵਾਨਾਂ ਨੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਉਸ ਦੇ 20-25 ਗੋਲੀਆਂ ਲੱਗੀਆਂ ਤੇ ਉਸ ਦੀ ਮੌਤ ਹੋ ਗਈ।

ਉਹ ਵੇਟ ਲਿਫਟਰ ਸੀ ਅਤੇ ਲੰਮਾ ਸਮਾਂ ਸਰਕਾਰੀ ਕਾਲਜ ਸਠਿਆਲਾ ਦਾ ਪ੍ਰਧਾਨ ਵੀ ਰਿਹਾ। ਇਸ ਮੌਕੇ ਘੜੁੱਕਾ ਚਾਲਕ ਮੇਜਰ ਸਿੰਘ ਪੁੱਤਰ ਤਾਰਾ ਸਿੰਘ ਗੋਲੀਆਂ ਲੱਗਣ ਕਾਰਨ ਜ਼ਖਮੀ ਹੋ ਗਿਆ, ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਸੀ ਸੀ ਟੀ ਵੀ ਫੁਟੇਜ ਤੋਂ ਪਤਾ ਲੱਗਦਾ ਹੈ ਕਿ ਹਮਲਾਵਰਾਂ ਨੂੰ ਦੇਖ ਕੇ ਜਰਨੈਲ ਭੱਜਣ ਲੱਗਦਾ ਹੈ ਤਾਂ ਉਹ ਫਾਇਰਿੰਗ ਕਰ ਦਿੰਦੇ ਹਨ। ਉਹ ਉਸ ਦੇ ਮਰ ਜਾਣ ਦੇ ਬਾਅਦ ਵੀ ਗੋਲੀਆਂ ਮਾਰਦੇ ਰਹੇ। ਦੱਸਿਆ ਜਾਂਦਾ ਹੈ ਕਿ ਸਵਿਫਟ ਕਾਰ ਵਿਚ ਆਏ ਹਮਲਾਵਰ ਗੋਪੀ ਘਣਸ਼ਿਆਮਪੁਰੀਆ ਗਰੋਹ ਦੇ ਮੈਂਬਰ ਸਨ। ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਤਲ ਨਾਲ ਸੰਬੰਧਤ ਮੁਲਜ਼ਮਾਂ ਦੀ ਸ਼ਨਾਖਤ ਕਰ ਲਈ ਗਈ ਹੈ।

ਇਮਰਾਨ ਦੀ ਪਾਰਟੀ 'ਤੇ ਪਾਬੰਦੀ ਲਾਉਣ ਦੀਆਂ ਸਬੀਲਾਂ

ਇਸਲਾਮਾਬਾਦ : ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜ਼ਾ ਆਸਿਫ ਨੇ ਕਿਹਾ ਹੈ ਕਿ ਸਰਕਾਰ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ 'ਤੇ ਪਾਬੰਦੀ ਲਗਾਉਣ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾ ਦੇ ਸਮਰਥਕਾਂ ਵੱਲੋਂ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਤੋਂ ਬਾਅਦ ਇਸ ਕਦਮ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਮੇਰੇ ਵੱਸ 'ਚ ਨਹੀਂ !

ਮੁੰਬਈ : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਬੁੱਧਵਾਰ ਕਿਹਾ ਕਿ ਵਿਆਜ ਦਰਾਂ 'ਚ ਵਾਧੇ ਨੂੰ ਰੋਕਣਾ ਉਨ੍ਹਾ ਦੇ ਵੱਸ 'ਚ ਨਹੀਂ ਹੈ ਤੇ ਇਹ ਹਾਲਾਤ 'ਤੇ ਨਿਰਭਰ ਕਰਦਾ ਹੈ। ਸੀ ਆਈ ਆਈ ਦੇ ਸਾਲਾਨਾ ਸੈਸ਼ਨ 'ਚ ਉਨ੍ਹਾ ਕਿਹਾ ਕਿ ਪ੍ਰਚੂਨ ਮਹਿੰਗਾਈ ਦਰ 4.7 ਫੀਸਦੀ ਤੋਂ ਹੇਠਾਂ ਆਉਣ ਦੀ ਉਮੀਦ ਹੈ।

ਧਾਲੀਵਾਲ ਨੇ 264 ਕਰੋੜ ਦੀ 176 ਏਕੜ ਸਰਕਾਰੀ ਪੰਚਾਇਤੀ ਜ਼ਮੀਨ ਛੁਡਵਾਈ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬੁੱਧਵਾਰ ਮੋਹਾਲੀ ਜ਼ਿਲ੍ਹੇ ਦੇ ਮਾਜਰੀ ਬਲਾਕ ਦੇ ਪਿੰਡ ਫਤਿਹਗੜ੍ਹ ਦੀ 176 ਏਕੜ ਪੰਚਾਇਤੀ ਜ਼ਮੀਨ ਨਾਜਾਇਜ਼ ਕਬਜੇ ਤੋਂ ਮੁਕਤ ਕਰਵਾਈ ਹੈ। ਇਸ ਜ਼ਮੀਨ ਦੀ ਬਾਜ਼ਾਰੀ ਕੀਮਤ 264 ਕਰੋੜ ਰੁਪਏ ਬਣਦੀ ਹੈ। ਇਸ ਜ਼ਮੀਨ ਉੱਤੇ 9 ਲੋਕਾਂ ਨੇ ਕਬਜ਼ਾ ਕੀਤਾ ਹੋਇਆ ਸੀ। ਉਨ੍ਹਾ ਕਿਹਾ ਕਿ ਸਰਕਾਰੀ ਪੰਚਾਇਤੀ ਜ਼ਮੀਨਾਂ 'ਤੇ ਜਿਨ੍ਹਾਂ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਹ ਹਾਲੇ ਵੀ 31 ਮਈ ਤੱਕ ਖੁਦ ਜ਼ਮੀਨ ਤੋਂ ਆਪਣਾ ਕਬਜ਼ਾ ਛੱਡ ਸਕਦੇ ਹਨ,

25-MAY-PAGE-1.qxd 5/24/2023 9:59 PM Page 2

ਸ਼ਹੀਦੀ ਦਿਹਾੜੇ ਮੌਕੇ ਲਾਈ ਠੰਢੇ ਮਿੱਠੇ ਜਲ ਦੀ ਛਬੀਲ

ਭੀਖੀ, (ਧਰਮਵੀਰ ਸ਼ਰਮਾ) ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ ਤੇ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ। ਇਸ ਮੌਕੇ ਗੁਰੂ ਘਰ ਦੇ ਮੈਨੇਜਰ ਭਾਈ ਅਜੈਬ ਸਿੰਘ ਜੋਗਾ ਤੇ ਹੈੱਡ ਗ੍ਰੰਥੀ ਭਾਈ ਨਿਰਮਲ ਸਿੰਘ ਨੇ ਗੁਰ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਗੁਰੂ ਸਾਹਿਬ ਜੀ ਦੇ ਜੀਵਨ ਸਿੱਖਿਆ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਰਾਜ ਸਿੰਘ ਗ੍ਰੰਥੀ, ਦਿਆ ਸਿੰਘ, ਕੁਲਵਿੰਦਰ ਸਿੰਘ, ਮਨਜਿੰਦਰ ਸਿੰਘ, ਗੁਰਪਿਆਰ ਸਿੰਘ, ਜਸ਼ਨਦੀਪ ਸਿੰਘ, ਕੁਲਦੀਪ ਸਿੰਘ ਤੇ ਰਿਖੀ ਸਿੰਘ ਆਦਿ ਹਾਜ਼ਰ ਸਨ।

ਗਿਆਨੀ ਮੋਹਣ ਸਿੰਘ ਦੀ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ

ਮਾਨਸਾ, (ਧਰਮਵੀਰ ਸ਼ਰਮਾ) ਉੱਘੇ ਟਰਾਂਸਪੋਰਟਰ ਗਿਆਨੀ ਮੋਹਣ ਸਿੰਘ ਝੁਨੀਰ ਬੱਸ ਸਰਵਿਸ ਵਾਲੇ ਦਾ ਅਚਾਨਕ ਦਿਹਾਂਤ ਹੋ ਗਿਆ ਹੈ। ਦੁਖੀ ਪਰਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਐਡਵੋਕੇਟ ਸਿਮਰਜੀਤ ਸਿੰਘ ਮਾਨਸਾਹੀਆ ਤੇ ਸਹਾਇਕ ਥਾਣੇਦਾਰ ਰਾਜ ਕੁਮਾਰ ਨੇ ਕਿਹਾ ਕਿ ਗਿਆਨੀ ਮੋਹਨ ਸਿੰਘ ਦੀ ਹੋਈ ਬੇਵਕਤੀ ਮੌਤ ਨਾਲ ਸਮਾਜ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਨਮਿਤ ਰੱਖੇ ਗਏ ਸ਼੍ਰੀ ਸਹਿਜ ਪਾਠ ਦਾ ਭੋਗ 28 ਮਈ ਨੂੰ ਦੁਪਹਿਰ 1 ਵਜੇ ਡੇਰਾ ਬਾਬਾ ਧਿਆਨ ਦਾਸ ਜੀ ਝੁਨੀਰ ਵਿਖੇ ਪਵੇਗਾ।

ਚਾਪਲੂਸੀ ਕਰਨ ਵਾਲਾ ਪਸ਼ੂ ਸਮਾਨ : ਬੀ ਕੇ ਸ਼ਾਂਤਨੂੰ

ਜੈਤੋ (ਸਤੀਸ਼ ਕੁਮਾਰ ਭੀਰੀ) ਬੰਦੇ ਦਾ ਮ੍ਰਿਤ ਲੋਕ ਵਿੱਚ ਜਨਮ ਪਰਮ ਪਿਤਾ ਪ੍ਰਮਾਤਮਾ ਦੀ ਅਨਮੋਲ ਬਖਸ਼ਿਸ਼ ਹੈ। ਇਸ ਨੂੰ ਦੀਨ ਦੁਖੀਆਂ, ਜ਼ਰੂਰਤਮੰਦਾਂ ਅਤੇ ਬੇਜ਼ੁਬਾਨਾਂ ਦੀ ਮੱਦਦ ਲਈ ਸਮਰਪਤ ਕਰਦਿਆਂ ਅਤੇ ਸ਼ਿਵ ਬਾਬਾ ਦੀ ਯਾਦ ਵਿੱਚ ਉਸਤਤ ਕਰਦੇ ਹੋਏ ਬਤੀਤ ਕਰਨ ਨਾਲ ਅਸੀਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਇਹ ਸ਼ਬਦ ਸੰਬੋਧਨ ਕਰਦੇ ਹੋਏ ਮਾਊਂਟ ਆਬੂ ਈਸ਼ਵਰੀਆ ਵਿਸ਼ਵ ਵਿਦਿਆਲਿਆ ਮੀਡੀਆ ਵਿੰਗ ਦੇ ਰਾਸ਼ਟਰੀ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਕਹੇ। ਸ਼ਾਂਤਨੂੰ ਨੇ ਕਿਹਾ ਕਿ ਕਿਸੇ ਵੀ ਡਰ, ਭੈਅ ਅਤੇ ਦਬਾਅ ਤੋਂ ਸੱਚ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ, ਕਦੇ ਵੀ ਸੁਣੀ ਸੁਣਾਈ ਜਾਂ ਫੇਕ ਨਿਊਜ਼ 'ਤੇ ਫੋਕਸ ਨਾ ਕਰੋ।

ਬਾਸਕਟਬਾਲ ਗਰਾਊਂਡ ਬਣਾਉਣ ਦੇ ਆਦੇਸ਼ ਜਾਰੀ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ) ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਤੇ ਖਿਡਾਰੀਆਂ ਨੂੰ ਸਹੂਲਤ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਡਾ. ਮਹਿੰਦਰ ਕੌਰ ਸਾਂਬੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਵਿੱਚ ਬਾਸਕਟਬਾਲ ਗਰਾਊਂਡ ਦੀ ਬਹੁਤ ਜ਼ਰੂਰਤ ਸੀ। ਸਕੂਲ ਪ੍ਰਸ਼ਾਸਨ ਤੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਸਕੂਲ ਵਿੱਚ ਬਾਸਕਟਬਾਲ ਗਰਾਊਂਡ ਬਣਾਉਣ ਦੀ ਮੰਗ ਬੜੇ ਲੰਮੇ ਤੋਂ ਕੀਤੀ ਜਾ ਰਹੀ ਸੀ। ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੱਲੋਂ ਵਿਦਿਆਰਥੀਆਂ ਦੀ ਇਹ ਸਮੱਸਿਆ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦੀ ਗਈ, ਜਿਸ ਨੂੰ ਮੁੱਖ ਰੱਖਦੇ ਹੋਏ ਮੁੱਖ ਮੰਤਰੀ ਵੱਲੋਂ ਸਕੂਲ ਵਿੱਚ ਬਾਸਕਟਬਾਲ ਗਰਾਊਂਡ ਬਣਾਉਣ ਦੇ ਆਦੇਸ਼ ਜਾਰੀ ਕੀਤੇ, ਜਿਸ ਨੂੰ ਮੁੱਖ ਰੱਖਦੇ ਹੋਏ ਮਹਿਕਮਾ ਲੋਕ ਨਿਰਮਾਣ ਵਿਭਾਗ ਵੱਲੋਂ 16.40 ਲੱਖ ਰੁਪਏ ਦੇ ਟੈਂਡਰ ਲਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਇਹ ਬਾਸਕਿਟਬਾਲ ਗਰਾਊਂਡ ਬਣਵਾ ਦਿੱਤੀ ਜਾਵੇਗੀ।

ਲਾਰੈਂਸ ਸਕੂਲ 'ਚ ਗੁਰੂ ਅਰਜਨ ਦੇਵ ਜੀ ਨੂੰ ਕੀਤਾ ਕੋਟਿ-ਕੋਟਿ ਪ੍ਰਣਾਮ

ਬਾਘਾ ਪੁਰਾਣਾ, (ਮਨੀ ਸਿੰਗਲਾ) ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਸ਼ਹੀਦਾਂ ਦੇ ਸਰਤਾਜ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰਸੀਪਲ ਮਨੋਜ ਕੁਮਾਰ ਅਤੇ ਮੈਡਮ ਜੀਨਮ ਗਰਗ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰੂਪ ਅੱਗੇ ਸਿਰਫ਼ ਝੁਕਾ ਕੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਵਿਦਿਆਰਥੀਆਂ ਨੇ ਗੁਰੂ ਦੇ ਜੀਵਨ ਤੇ ਸ਼ਹੀਦੀ ਨਾਲ ਸਬੰਧਤ ਭਾਸ਼ਣ ਤੇ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ। ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੀ ਮਹਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣਾ ਜੀਵਨ ਧਰਮ ਤੇ ਲੋਕਾਂ ਦੀ ਸੇਵਾ ਲਈ ਕੁਰਬਾਨ ਕਰ ਦਿੱਤਾ। ਉਹ ਸਾਰੇ ਧਰਮਾਂ ਨੂੰ ਇਕਸਮਾਨ ਮੰਨਦੇ ਸੀ। ਉਨ੍ਹਾਂ ਨੇ ਗੁਰੂ ਪ੍ਰੰਪਰਾ ਦਾ ਪਾਲਣ ਕੀਤਾ ਤੇ ਕਦੇ ਵੀ ਜ਼ਾਲਤ ਇਰਾਦੇ ਵਾਲੇ ਲੋਕਾਂ ਅੱਗੇ ਨਹੀਂ ਝੁਕੇ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਅੱਗੇ ਆਪਣਾ ਸਿਰ ਝਕਾਉਣਾ ਚਾਹੀਦਾ ਹੈ।

ਪੁਰਾਣੀ ਰੰਜਿਸ਼ ਕਾਰਨ ਹੋਏ ਝਗੜੇ 'ਚ ਅੱਧੀ ਦਰਜਨ ਵਿਅਕਤੀ ਜ਼ਖਮੀ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਪਿੰਡ ਲਾਧੂਕਾ 'ਚ ਪੁਰਾਣੀ ਦੁਸ਼ਮਣੀ ਨੂੰ ਲੈ ਕੇ ਹੋਈ ਲੜਾਈ 'ਚ ਅੱਧੀ ਦਰਜਨ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇਕ ਧਿਰ ਦੇ ਬਿਸ਼ਨ ਸਿੰਘ, ਅਮਰ ਸਿੰਘ ਅਤੇ ਕਰਨੈਲ ਸਿੰਘ ਨੇ ਦੱਸਿਆ ਕਿ ਪੁਰਾਣੀ ਰੰਜਿਸ਼ ਦੇ ਚਲਦਿਆਂ ਕੁਝ ਵਿਅਕਤੀਆਂ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਗੰਭੀਰ ਜ਼ਖਮੀ ਕਰ ਦਿੱਤਾ। ਜਿਸ ਤੋਂ ਬਾਅਦ ਉਸ ਨੂੰ ਪਰਵਾਰਕ ਮੈਂਬਰਾਂ ਵੱਲੋਂ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਦਾਖਲ ਕਰਵਾਇਆ ਗਿਆ ਹੈ। ਦੂਜੇ ਪਾਸੇ ਜ਼ਖਮੀ ਮੇਜਰ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਦਾ ਪਿੰਡ ਦੇ ਕੁਝ ਵਿਅਕਤੀਆਂ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਇਸੇ ਝਗੜੇ ਕਾਰਨ ਕੁਝ ਵਿਅਕਤੀਆਂ ਨੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਦੋਵਾਂ ਧਿਰਾਂ ਨੇ ਇੱਕ ਦੂਜੇ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾ ਕੇ ਇਨਸਾਫ ਦੀ ਮੰਗ ਕੀਤੀ ਹੈ।

ਭੰਮੇ ਕਲਾਂ 'ਚ 'ਜਨ ਸੁਣਵਾਈ ਕੈਂਪ' 'ਚ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

ਮਾਨਸਾ, (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ 'ਤੇ ਪਿੰਡ ਪੱਧਰ 'ਤੇ ਲੋਕ ਸਮੱਸਿਆਵਾਂ ਦੇ ਹੱਲ ਲਈ 'ਜਨ ਸੁਣਵਾਈ ਕੈਂਪਾਂ' ਦਾ ਆਯੋਜਨ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਨਾਇਬ ਤਹਿਸੀਲਦਾਰ ਝੁਨੀਰ ਦਰਸ਼ਨ ਸਿੰਘ ਵੱਲੋਂ ਪਿੰਡ ਭੰਮੇ ਕਲਾਂ ਵਿਖੇ ਕੈਂਪ ਲਗਾ ਕੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਨਾਇਬ ਤਹਿਸੀਲਦਾਰ ਨੇ ਦੱਸਿਆ ਕਿ ਜਨ ਸੁਣਵਾਈ ਕੈਂਪ ਵਿਚ ਆਏ ਲੋਕਾਂ ਦੀਆਂ ਵੱਖ ਵੱਖ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਉਨ੍ਹਾਂ ਦਾ ਹੱਲ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਰਕਾਰੀ ਵਿਭਾਗਾਂ ਦੇ ਕੰਮਾਂ ਨਾਲ ਸੰਬੰਧਤ ਦਰਖ਼ਾਸਤਾਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਸੰਬੰਧਤ ਅਧਿਕਾਰੀਆਂ ਨੂੰ ਸੌਂਪਿਆ ਗਿਆ ਅਤੇ ਕਾਫੀ ਦਰਖ਼ਾਸਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਮੌਕੇ ਆਏ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੋਂ ਵੀ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਲੋਕ ਸਮੱਸਿਆਵਾਂ ਦਾ ਹੱਲ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰਾਂ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ 'ਜਨ ਸੁਣਵਾਈ ਕੈਂਪਾਂ' ਦਾ ਵੱਧ ਤੋਂ ਵੱਧ ਲਾਭ ਲੈਣ ਲਈ ਇਨ੍ਹਾਂ ਕੈਂਪਾਂ ਵਿੱਚ ਸ਼ਮੂਲੀਅਤ ਕਰਨ ।

ਕੌਨਵੈਂਟ ਸਕੂਲ 'ਚ ਮਨਾਇਆ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ

ਮੋਗਾ (ਅਮਰਜੀਤ ਬੱਬਰੀ)- ਐੱਸ ਐੱਚ ਸੀ ਕੌਨਵੈਂਟ ਸਕੂਲ ਵਿਚ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਗੁਰੂ ਜੀ ਦੀ ਉਪਮਾਂ ਵਿਚ ਭਾਸ਼ਨ, ਗੀਤ ਅਤੇ ਕਵਿਤਾਵਾਂ ਸੁਣਾਈਆਂ ਗਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸੰਬੰਧਤ ਕੋਰੀਓਗ੍ਰਾਫੀ ਵੀ ਪੇਸ਼ ਕੀਤੀ ਗਈ। ਇਸ ਮੌਕੇ ਸਕੂਲ ਪ੍ਰਿੰ. ਪਵਨਦੀਪ ਕੌਰ ਚਾਹਲ ਨੇ ਬੱਚਿਆਂ ਨੂੰ ਕਿਹਾ ਕਿ ਸਾਨੂੰ ਗੁਰੂ ਦੇ ਦਰਸਾਏ ਮਾਰਗ 'ਤੇ ਚੱਲ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਕਿਵੇਂ ਗੁਰੂ ਜੀ ਨੂੰ ਗਰਮ ਤਵੀ 'ਤੇ ਬਿਠਾ ਕੇ ਸ਼ਹੀਦ ਕੀਤਾ ਗਿਆ ਸੀ ਤਸੀਹੇ ਦਿੱਤੇ ਗਏ ਸਨ।

ਮਾਲਵਾ ਲਿਖਾਰੀ ਸਭਾ ਦੇ ਸਾਹਿਤਕ ਸਮਾਗਮ ਵਾਲਾ ਸਥਾਨ ਬਦਲਿਆ

ਸੰਗਰੂਰ, (ਪ੍ਰਵੀਨ ਸਿੰਘ)- ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ.) ਵੱਲੋਂ 28 ਮਈ ਦਿਨ ਐਤਵਾਰ ਨੂੰ ਕਰਵਾਏ ਵਾਲੇ ਸਾਹਿਤਕ ਸਮਾਗਮ ਦਾ ਸਥਾਨ ਕਿਸੇ ਮਜਬੂਰੀ ਵੱਸ ਬਦਲਣਾ ਪੈ ਗਿਆ ਹੈ, ਜਿਸ ਕਰਕੇ ਹੁਣ ਇਹ ਸਮਾਗਮ ਪ੍ਰਜਾਪਤੀ ਧਰਮਸ਼ਾਲਾ, ਨੇੜੇ ਬਰਨਾਲਾ ਕੈਂਚੀਆਂ, ਸੰਗਰੂਰ ਵਿਖੇ ਨਿਸਚਤ ਸਮੇਂ 'ਤੇ ਸਵੇਰੇ ਸਹੀ 10:00 ਵਜੇ ਹੋਵੇਗਾ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਕੈਨੇਡਾ ਨਿਵਾਸੀ ਲੇਖਕ ਮਹਿੰਦਰ ਸਿੰਘ ਪੰਜੂ ਦਾ ਗਜ਼ਲ-ਸੰਗ੍ਰਹਿ 'ਸਾਗਰ ਵਿਚਲਾ ਮਾਰੂਥਲ' ਲੋਕ ਅਰਪਣ ਕੀਤਾ ਜਾਵੇਗਾ, ਜਿਸ ਦੀ ਪ੍ਰਧਾਨਗੀ ਉਸਤਾਦ ਗਜ਼ਲਕਾਰ ਗੁਰਦਿਆਲ ਰੋਸ਼ਨ ਕਰਨਗੇ ਅਤੇ ਉਸਤਾਦ ਗਜ਼ਲਕਾਰ ਬੂਟਾ ਸਿੰਘ ਚੌਹਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਪਰਚੇ ਡਾ. ਹਰਜੀਤ ਸਿੰਘ ਸੰਧਰ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਪ੍ਰੋ. ਦਵਿੰਦਰ ਖੁਸ਼ ਧਾਲੀਵਾਲ ਪੜ੍ਹਨਗੇ। ਇਸ ਮੌਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਤ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।

ਗੁਰੂ ਤੇਗ ਬਹਾਦਰ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤੇ ਵਜ਼ੀਫ਼ੇ

ਦਿੜ੍ਹਬਾ (ਜਸਵੀਰ ਲਾਡੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੈਸ਼ਨ 2021-2022 ਦੌਰਾਨ ਧਾਰਮਿਕ ਪ੍ਰਖਿਆ ਕਰਵਾਈ ਗਈ, ਜਿਸ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ 5 ਵਿਦਿਆਰਥੀਆਂ ਨੇ 2100-2100 ਰੁਪਏ ਦੇ ਵਜ਼ੀਫ਼ੇ ਪ੍ਰਾਪਤ ਕੀਤੇ ਤੇ ਇੱਕ ਵਿਦਿਆਰਥੀ ਨੇ 1100 ਰੁਪਏ ਦਾ ਵਜ਼ੀਫ਼ਾ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਜਥੇਦਾਰ ਤੇਜਾ ਸਿੰਘ ਕਮਾਲਪੁਰ (ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ) ਨੇ ਵਜ਼ੀਫ਼ਾ ਦੇ ਕੇ ਸਨਮਨਿਤ ਕੀਤਾ ਤੇ ਇਸ ਪ੍ਰਾਪਤੀ ਲਈ ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਨ੍ਹਾਂ ਨਾਲ ਪ੍ਰਧਾਨ ਹਰਨੇਕ ਸਿੰਘ ਪੂਨੀਆ, ਮੀਤ ਪ੍ਰਧਾਨ ਰਾਜਾ ਸਿੰਘ ਸਹਾਰਨ, ਪਰਮਜੀਤ ਸਿੰਘ ਧਾਲੀਵਾਲ, ਆਸਾ ਸਿੰਘ (ਮੈਂਬਰਾਨ ਲੋਕਲ ਕਮੇਟੀ ਛਾਜਲੀ, ਢਾਡੀ ਜੱਥਾ ਤਰਸੇਮ ਸਿੰਘ ਪ੍ਰੀਤ, ਪ੍ਰਚਾਰਕ ਭਾਈ ਗੁਰਸੇਵਕ ਸਿੰਘ ਘਰਾਚੋਂ ਤੇ ਸਮੂਹ ਸਟਾਫ਼ ਹਾਜ਼ਰ ਸੀ।

ਚੋਰੀ ਦੇ ਮੋਟਰਸਾਈਕਲਾਂ ਸਮੇਤ ਇੱਕ ਕਾਬੂ

ਮਲੋਟ, (ਗੁਰਮੀਤ ਸਿੰਘ ਮੱਕੜ) ਥਾਣਾ ਸਦਰ ਪੁਲਸ ਨੇ ਦੋ ਮੋਟਰਸਾਈਕਲਾਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਮਲੋਟ ਮੌਜੂਦ ਸੀ ਤਾਂ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਅਬੋਹਰ ਸਾਈਡ ਤੋਂ ਮਲੋਟ-ਅਬੋਹਰ ਰੋਡ ਰਾਹੀਂ ਸ਼ਹਿਰ ਮਲੋਟ ਨੂੰ ਸਤਨਾਮ ਸਿੰਘ ਉਰਫ਼ ਬਾਬਾ ਵਾਸੀ ਕਬਰਵਾਲਾ ਚੋਰੀ ਦਾ ਮੋਟਰਸਾਈਕਲ ਲੈ ਕੇ ਆ ਰਿਹਾ ਹੈ, ਜੋ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ ਅਤੇ ਇਸ ਕੋਲੋਂ ਹੋਰਵੀ ਮੋਟਰਸਾਈਕਲ ਬਰਾਮਦ ਹੋ ਸਕਦੇ ਹਨ ਤਾਂ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਉਕਤ ਵਿਅਕਤੀ ਨੂੰ ਮੋਟਰਸਾਈਕਲਾਂ ਸਮੇਤ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ.40 ਧਾਰਾ 379 ਆਈ.ਪੀ.ਸੀ. ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸੁਜਾਨਪੁਰ ਨਗਰ ਕੌਂਸਲ ਦੇ ਪ੍ਰਧਾਨ ਸਮੇਤ 7 ਕੌਂਸਲਰ 'ਆਪ' 'ਚ ਸ਼ਾਮਲ

ਚੰਡੀਗੜ੍ਹ, (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਦਾ ਪਰਵਾਰ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ ਕਿਉਂਕਿ ਪੰਜਾਬ

25-May-PAGE-3.qxd 5/24/2023 10:08 PM Page 1

ਸ੍ਰੀ ਦਰਬਾਰ ਸਾਹਿਬ ਦੀ ਜਾਣਕਾਰੀ ਦੇਣ ਲਈ ਇੱਕ ਵੱਡ-ਅਕਾਰੀ ਸਕਰੀਨ ਸਥਾਪਤ

ਸਕਰੀਨ ਦਾ ਮਕਸਦ ਸ਼ਰਧਾਲੂਆਂ ਨੂੰ ਮਰਯਾਦਾ ਬਾਰੇ ਜਾਗਰੂਕ ਕਰਨਾ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀ ਸੰਗਤ ਨੂੰ ਇਸ ਪਾਵਨ ਅਸਥਾਨ ਦੇ ਇਤਿਹਾਸ, ਪ੍ਰੰਪਰਾਵਾਂ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣਕਾਰੀ ਦੇਣ ਲਈ ਇਕ ਵੱਡ-ਅਕਾਰੀ ਸਕਰੀਨ ਲਗਾਈ ਗਈ ਹੈ। ਇਹ ਸਕਰੀਨ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ ਦੇ ਨਜ਼ਦੀਕ ਲਗਾਈ ਗਈ ਹੈ, ਜਿਸ ਦੀ ਸੇਵਾ ਓਬਰਾਏ ਗਰੁੱਪ ਯੂ ਕੇ ਅਤੇ ਦੁਬਈ ਦੇ ਜਸਪ੍ਰੀਤ ਸਿੰਘ ਨੇ ਕਰਵਾਈ ਹੈ। ਸਥਾਪਤ ਕੀਤੀ ਗਈ ਇਸ ਸਕਰੀਨ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੀਆਂ ਸੰਗਤਾਂ ਨੂੰ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਤਿੰਨ ਭਾਸ਼ਾਵਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਜਾਣਕਾਰੀਆਂ ਮੁਹੱਈਆ ਕਰਵਾਈਆਂ ਜਾਣਗੀਆਂ। ਸਕਰੀਨ ਦਾ ਉਦਘਾਟਨ ਕਰਨ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਆਸਥਾ ਦਾ ਕੇਂਦਰ ਹੈ ਅਤੇ ਇਥੇ ਨਤਮਸਤਕ ਹੋਣ ਮੌਕੇ ਪੰਜਾਬ ਤੋਂ ਇਲਾਵਾ ਦੇਸ਼ ਦੁਨੀਆਂ ਤੋਂ ਸੰਗਤਾਂ ਪੁੱਜਦੀਆਂ ਹਨ। ਉਨ੍ਹਾਂ ਕਿਹਾ ਕਿ ਸਕਰੀਨ ਲਗਾਉਣ ਦਾ ਮਕਸਦ ਸ਼ਰਧਾਲੂ ਸੰਗਤਾਂ ਨੂੰ ਇਤਿਹਾਸ ਤੋਂ ਵਾਕਫ ਕਰਵਾਉਣ ਦੇ ਨਾਲ-ਨਾਲ ਮਰਯਾਦਾ ਬਾਰੇ ਜਾਗਰੂਕ ਕਰਨਾ ਹੈ। ਇਸ ਦੇ ਨਾਲ ਹੀ ਕੁਝ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਸੰਗਤ ਤੱਕ ਪੁੱਜਦਾ ਕਰਨੇ ਜ਼ਰੂਰੀ ਹਨ, ਜੋ ਇਸ ਸਕਰੀਨ ਜ਼ਰੀਏ ਉਬਾਰੇ ਜਾਣਗੇ। ਉਨ੍ਹਾਂ ਦੱਸਿਆ ਕਿ ਫਿਲਹਾਲ ਇਸ 'ਤੇ ਤਿੰਨ ਭਾਸ਼ਾਵਾਂ ਵਿਚ ਸੰਗਤ ਦੇ ਧਿਆਨ ਰੱਖਣਯੋਗ ਗੱਲਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ, ਜਦਕਿ ਅਗਲੇ ਦਿਨਾਂ ਅੰਦਰ ਇਤਿਹਾਸ ਨਾਲ ਸਬੰਧਤ ਜਾਣਕਾਰੀਆਂ ਵੀ ਸ਼ਾਮਲ ਕਰ ਦਿੱਤੀਆਂ ਜਾਣਗੀਆਂ। ਐਡਵੋਕੇਟ ਧਾਮੀ ਨੇ ਸਕਰੀਨ ਦੀ ਸੇਵਾ ਕਰਨ ਵਾਲੇ ਸ਼ਰਧਾਲੂਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਆਧੁਨਿਕ ਤਕਨੀਕਾਂ ਦੇ ਮਾਧਿਅਮ ਨਾਲ ਸੰਗਤ ਨੂੰ ਲੋੜੀਂਦੀਆਂ ਜਾਣਕਾਰੀਆਂ ਮੁਹੱਈਆ ਕਰਵਾਉਣ ਲਈ ਯਤਨ ਜਾਰੀ ਹਨ ਅਤੇ ਇਸੇ ਤਹਿਤ ਹੀ ਇਹ ਸਕਰੀਨ ਲਗਾਈ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸ਼ਰਧਾਲੂ ਇਸ ਤੋਂ ਜ਼ਰੂਰ ਲਾਭ ਲੈਣਗੇ। ਇਸ ਮੌਕੇ ਓਬਰਾਏ ਪਰਿਵਾਰ ਦੇ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੀਡੀਆ ਇੰਚਾਰਜ ਹਰਭਜਨ ਸਿੰਘ ਵਕਤਾ ਅਤੇ ਹੋਰ ਮੌਜੂਦ ਸਨ।

ਚਿੱਟੇ ਦਿਨ ਚੋਰਾਂ ਨੇ ਮੁਹੱਲਾ ਕਲੀਨਿਕ ਨੂੰ ਬਣਾਇਆ ਨਿਸ਼ਾਨਾ

ਪੱਟੀ (ਬਲਦੇਵ ਸਿੰਘ ਕਿਰਤੋਵਾਲਸ਼ਮਸ਼ੇਰ ਸਿੰਘ ਯੋਧਾ)-ਚੋਰਾਂ ਦੇ ਹੌਸਲੇ ਇੰਨੇ ਵੱਧ ਚੁੱਕੇ ਹਨ ਕਿ ਰਾਤ ਦੀ ਬਜਾਏ ਦਿਨ ਦੀਵੀ ਚੋਰੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ। ਆਮ ਕਾਰੋਬਾਰੀਆਂ ਅਤੇ ਪੁਲਸ ਮੁਲਾਜ਼ਮਾਂ ਦੇ ਘਰਾਂ ਨੂੰ ਲੁੱਟਣ ਮਗਰੋਂ ਹੁਣ ਚੋਰਾਂ ਨੇ ਮੁੜ ਸਰਕਾਰੀ ਥਾਵਾਂ ਨੂੰ ਨਿਸ਼ਾਨਾ ਬਣਾਉਣਾ ਆਰੰਭ ਕਰ ਦਿੱਤਾ। ਅੱਜ ਬਾਅਦ ਦੁਪਿਹਰ ਚਿੱਟੇ ਦਿਨ ਪਿੰਡ ਕਿਰਤੋਵਾਲ ਕਲਾਂ ਦੇ ਮੁਹੱਲਾ ਕਲੀਨਿਕ ਤੇ ਹੱਥ ਸਾਫ ਕਰਦਿਆਂ ਅਣਪਛਾਤਿਆਂ ਨੇ ਸੈਨਟਰੀ ਦਾ ਸਾਮਾਨ, ਦਵਾਈਆਂ, ਓਟ ਸੈਂਟਰ ਦੀਆਂ ਗੋਲੀਆਂ, ਪੱਖੇ ਚੋਰੀ ਕਰਨ ਤੋਂ ਇਲਾਵਾ ਸਰਕਾਰੀ ਸੰਪਤੀ ਦੀ ਭੰਨਤੋੜ ਕੀਤੀ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਚੋਰਾਂ ਨੇ ਸਰਕਾਰੀ ਹਸਪਤਾਲ ਹਰੀਕੇ ਵਿਖੇ ਪੰਜ ਵਾਰ ਚੋਰੀ ਕਰਕੇ ਦਵਾਈਆਂ, ਨਕਦੀ, ਬਿਜਲੀ ਦੇ ਯੰਤਰ ਅਤੇ ਓਟ ਸੈਂਟਰ ਤੋਂ ਦਵਾਈਆਂ ਚੋਰੀ ਕੀਤੀਆਂ ਸਨ ਜਿਸ ਦੇ ਕਈ ਹਫਤੇ ਬੀਤ ਜਾਣ ਮਗਰੋਂ ਚੋਰ ਕਾਬੂ ਕਰਨੇ ਤਾਂ ਦੂਰ ਸਗੋਂ ਹਸਪਤਾਲ ਸਟਾਫ ਵੱਲੋਂ ਦਿੱਤੀਆਂ ਦਰਖਾਸਤਾਂ ਵੀ ਥਾਣੇ ਧੂੜ ਹੀ ਫੱਕ ਰਹੀਆਂ ਹਨ। ਮੁਹੱਲਾ ਕਲੀਨਿਕ ਦੇ ਮੈਡੀਕਲ ਅਫਸਰ ਡਾਕਟਰ ਹਰਪ੍ਰੀਤ ਸਿੰਘ ਕੈਰੋਂ ਨੇ ਦੱਸਿਆ ਕਿ ਅਣਪਛਾਤੇ ਚੋਰਾਂ ਵੱਲੋਂ ਬਾਅਦ ਦੁਪਹਿਰ ਕਲੀਨਿਕ ਤੇ ਹੱਲਾ ਬੋਲਦਿਆਂ ਬਾਥਰੂਮਾਂ ਦੇ ਦਰਵਾਜ਼ੇ ਤੋੜ ਕੇ 17 ਟੂਟੀਆਂ, 4 ਪੱਖੇ, ਡਲਿਵਰੀ ਮੈਡੀਸਨ, ਓਟ ਸੈਂਟਰ ਤੋਂ 2600 ਗੋਲੀਆਂ ਚੋਰੀ ਕਰਨ ਦੇ ਨਾਲ ਨਾਲ ਲੇਬਰ ਰੂਮ ਦੀ ਕਾਫੀ ਭੰਨਤੋੜ ਕੀਤੀ। ਉਨਾਂ ਦੱਸਿਆ ਕਿ ਘਟਨਾ ਸਬੰਧੀ ਥਾਣਾ ਹਰੀਕੇ ਵਿਖੇ ਸੂਚਿਤ ਕੀਤਾ ਜਾ ਚੁੱਕਾ ਹੈ। ਸੰਪਰਕ ਕਰਨ 'ਤੇ ਡੀਐਸਪੀ ਪੱਟੀ ਸਤਨਾਮ ਸਿੰਘ ਨੇ ਦੱਸਿਆ ਕਿ ਕਿਸੇ ਰੁਝੇਵੇਂ ਕਾਰਨ ਬਾਹਰ ਗਏ ਹਨ ਪਰ ਫਿਰ ਵੀ ਘਟਨਾ ਸਥਾਨ ਜਾਇਜ਼ਾ ਲੈ ਕੇ ਕਾਨੂੰਨੀ ਕਾਰਵਾਈ ਕਰਨ ਸਬੰਧੀ ਥਾਣਾ ਮੁਖੀ ਨੂੰ ਕਿਹਾ ਜਾ ਰਿਹਾ ਹੈ। ਉਨਾਂ ਕਿਹਾ ਕਿ ਜਲਦੀ ਹੀ ਗ੍ਰੋਹ ਕਾਬੂ ਕਰ ਲਿਆ ਜਾਵੇਗਾ। 2 ਹਫਤਿਆਂ 'ਚ 13 ਵਾਰਦਾਤਾਂ ਨੇ ਪੁਲਸ ਦਾ ਗੁਆਇਆ ਭਰੋਸਾ-ਖਹਿਰਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜੋਨ ਆਗੂ ਜਥੇਦਾਰ ਸਵਰਨ ਸਿੰਘ ਖਹਿਰਾ ਦਾ ਕਹਿਆ ਹੈ ਕਿ ਹਰੀਕੇ ਇਲਾਕੇ 'ਚ ਅੰਦਰ ਲਗਾਤਾਰ ਸਰਗਰਮ ਚੋਰ ਗ੍ਰੋਹ ਪ੍ਰਸ਼ਾਸ਼ਨ ਦੀ ਹਿੱਕ ਤੇ ਨੱਚ ਰਿਹਾ ਹੈ ਜਦੋ ਕਿ 2 ਹਫਤਿਆਂ ਅੰਦਰ 13 ਵਾਰਦਾਤਾਂ ਨੇ ਲੋਕਾਂ ਅੰਦਰ ਪੁਲਿਸ ਦਾ ਵਿਸ਼ਵਾਸ਼ ਗੁਆ ਦਿੱਤਾ। ਤਜਰਬੇ ਤੋਂ ਕੋਰੇ ਥਾਣਾ ਮੁਖੀ ਦੀ ਸਿਆਸੀ ਪਹੁੰਚ ਸਾਹਮਣੇ ਬੇਵੱਸ ਹੋਏ ਅਫਸਰ ਹੋਰ ਕਿੰਨੀ ਦੇਰ ਲੋਕਾਂ ਦੀ ਲੁੱਟ ਦਾ ਤਮਾਸ਼ਾ ਵੇਖਦੇ ਰਹਿਣਗੇ। ਦੂਜੇ ਪਾਸੇ ਸਵਾ ਕਰੋੜ ਤੋਂ ਵੱਧ ਦਾ ਨੁਕਸਾਨ ਕਰਾਉਣ ਵਾਲੇ ਲੋਕਾਂ ਦੀ ਹਲਕਾ ਵਿਧਾਇਕ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਮੰਗ ਹੈ ਕਿ ਥਾਣਾ ਮੁਖੀਆਂ ਨਾਲ ਫੋਟੋ ਸ਼ੂਟ ਨੂੰ ਤਿਲਾਂਜਲੀ ਦੇ ਕੇ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ ਨਾਲ ਹੁਣ ਤੱਕ ਹੋਈਆਂ ਚੋਰੀਆਂ ਦੇ ਮੁਲਜ਼ਮ ਕਾਬੂ ਕਰਕੇ ਇਨਸਾਫ ਦਿਵਾਇਆ ਜਾਵੇ।

ਘਟਨਾ ਦੀ ਜਾਣਕਾਰੀ ਦਿੰਦਾ ਹੋਇਆ ਸਟਾਫ

ਮਿੱਡ-ਡੇ-ਮੀਲ ਵਰਕਰਾਂ ਵੱਲੋਂ ਬਿਜਲੀ ਮੰਤਰੀ ਦੇ ਘਰ ਅੱਗੇ ਰੋਸ ਰੈਲੀ ਦਾ ਐਲਾਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਜਿਲ੍ਹੇ ਦੀਆਂ ਮਿੱਡ-ਡੇ-ਮੀਲ ਵਰਕਰਾਂ ਵੱਲੋਂ ਸਥਾਨਕ ਗਾਂਧੀ ਪਾਰਕ ਵਿਖੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਵਿਸ਼ਾਲ ਇਕੱਠ ਕੀਤਾ ਗਿਆ। ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ ਵਿੱਚ ਮਿੱਡ ਡੇ-ਮੀਲ ਆਗੂ ਅਤੇ ਵਰਕਰਾਂ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਵੱਲ ਕੋਈ ਧਿਅਨ ਨਹੀਂ ਦੇ ਰਹੀ, ਵਰਕਰਾਂ ਨੂੰ ਬਹੁਤ ਜੀ ਘੱਟ ਮਾਨ ਭੱਤਾ ਦਿੱਤਾ ਜਾ ਰਿਹਾ ਹੈ। ਇਸ ਮਾਣ ਭੱਤੇ ਨਾਲ ਘਰ ਚਲਾਉਣਾ ਬਹੁਤ ਮੁਸ਼ਕਲ ਹੈ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਡੈਮੋਕਰੇਟਿਕ ਮੁਲਾਜਮ ਫਡੇਸ਼ਨ ਸਾਬਕਾ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਅਤੇ ਡੈਮੋਕਰੇਟਿਕ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਨੇ ਕੀਤੀ। ਇਹਨਾਂ ਆਗੂਆਂ ਦੀ ਨਿਗਰਾਨੀ ਹੇਠ ਮਿੱਡ-ਡੇ-ਮੀਲ ਵਰਕਰਾਂ ਨੇ ਜ਼ਿਲ੍ਹਾ ਪ੍ਰਧਾਨ ਰਜਵੰਤ ਕੌਰ ਰਾਜ ਸਰਾਏ ਦਿਵਾਨਾ ਅਤੇ ਜ਼ਿਲ੍ਹਾ ਜਰਨਲ ਸਕੱਤਰ ਪਰਮਜੀਤ ਕੌਰ ਵੈਰੋਵਾਲ ਵਜੋਂ ਦੋ ਅਹਿਮ ਆਗੂਆਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਮੌਕੇ ਬੋਲਦਿਆਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਤੇ ਜਰਨਲ ਸਕੱਤਰ ਨੇ ਵਿਸ਼ਵਾਸ਼ ਦਿਵਾਇਆ ਕਿ ਜਥੇਬੰਦੀ ਨੇ ਜਿਹੜੀ ਉਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਹੈ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੀਆ ਅਤੇ ਹਰ ਵਰਕਰ ਦੀਆਂ ਮੁਸ਼ਕਲਾਂ ਦਾ ਹੱਲ ਕਰਨਗੀਆਂ। ਵਰਕਰਾਂ ਦੀਆਂ ਹੱਕੀ ਮੰਗਾਂ ਲਈ ਸਦਾ ਸੰਘਰਸ਼ਸ਼ੀਲ ਰਹਿਣਗੀਆਂ। ਆਗੂਆਂ ਵਲੋਂ ਜ਼ਿਲੇ ਦੀਆਂ ਮਿੱਡ ਡੇ ਮੀਲ ਵਰਕਰਾਂ ਨੂੰ ਪਹਿਲੀ ਜੂਨ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਘਰ ਸਾਹਮਣੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਅੱਜ ਦੀ ਮੀਟਿੰਗ ਮੌਕੇ ਡੀ. ਟੀ. ਐਫ. ਜ਼ਿਲ੍ਹਾ ਤਰਨ ਤਾਰਨ ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਚੱਕ ਮਹਿਰ, ਮੀਤ ਪ੍ਰਧਾਨ ਸਰਬਜੀਤ ਸਿੰਘ ਕਾਜ਼ੀਕੋਟ, ਡੀ. ਐਮ. ਐਫ ਜ਼ਿਲ੍ਹਾ ਆਗੂ ਜਸਕੀਰਤ ਸਿੰਘ ਪੂਹਵਿੰਡ ਤੋਂ ਵਿਲਾਵਾ ਮਿੱਡ-ਡੇ-ਮੀਲ ਵਰਕਰਾਂ ਰਜਿੰਦਰ ਕੌਰ, ਸਤਨਾਮ ਕੌਰ ਬਾਗੜੀਆਂ, ਕਸ਼ਮੀਰ ਕੌਰ ਐਮਾ, ਮਨਜੀਤ ਕੌਰ ਜੌਹਲ, ਗੁਰਮੀਤ ਕੌਰ, ਰਾਣੋ, ਹਰਜਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਹਰਦੀਪ ਕੌਰ, ਰਾਣੀ, ਵੀਰ ਕੌਰ, ਸਰਬਜੀਤ ਕੌਰ ਖੇਲਾ, ਬਲਬੀਰ ਕੌਰ, ਹਰਜੀਤ ਕੌਰ, ਨਿੰਦਰ ਕੌਰ, ਸ਼ਾਂਤੀ ਪੰਜਵੜ ਸਿਰਮਨ ਕੌਰ ਆਦਿ ਹਾਜ਼ਰ ਹੋਏ।

ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿੱਤਾ ਜਾਵੇ : ਸੀਮਾ ਸੋਹਲ, ਰੁਪਿੰਦਰ

ਸਰਾਏ ਅਮਾਨਤ ਖਾਂ (ਮੱਖਣ ਮਨੋਜ)

ਪੰਜਾਬ ਇਸਤਰੀ ਸਭਾ ਤਰਨਤਾਰਨ ਵੱਲੋਂ ਜ਼ਿਲਾ ਸਕੱਤਰ ਰੁਪਿੰਦਰ ਮਾੜੀਮੇਘਾ ਅਤੇ ਪ੍ਰਧਾਨ ਸੀਮਾ ਸੋਹਲ ਨੇ ਦਿੱਲੀ ਜੰਤਰ-ਮੰਤਰ ਲਗਭਗ ਇਕ ਮਹੀਨੇ ਤੋਂ ਇਨਸਾਫ ਲਈ ਲੜ ਰਹੀਆਂ ਮਹਿਲਾ ਪਹਿਲਵਾਨਾਂ ਦੀ ਹਮਾਇਤ ਵਿਚ ਮੰਗ ਪੱਤਰ ਦਿੱਤਾ। ਇਸ ਤੋਂ ਬਾਅਦ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਸੀਮਾ ਸੋਹਲ ਨੇ ਕਿਹਾ ਕਿ ਸਾਡੀ ਹਮਦਰਦੀ ਉਨਾਂ ਬੱਚੀਆਂ ਨਾਲ ਹੈ ਜਿਨਾਂ ਨੇ ਸਾਰੀ ਦੁਨੀਆ ਵਿਚ ਦੇਸ਼ ਦਾ ਨਾਮ ਰੌਸ਼ਨ ਕੀਤਾ ਅਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਨੇ ਉਨਾਂ ਦੀ ਇੱਜ਼ਤ ਨਾਲ ਖਿਲਵਾੜ ਕੀਤਾ। ਜਿਨਾਂ ਬੱਚੀਆਂ ਨੂੰ ਮੈਡਲ ਜਿੱਤਣ ਕਰਕੇ ਸਨਮਾਨਿਤ ਕੀਤਾ ਗਿਆ ਸੀ, ਅੱਜ ਉਨਾਂ ਦੀ ਕੋਈ ਖਬਰ ਲੈਣ ਵੀ ਨਹੀਂ ਆ ਰਿਹਾ। ਰੁਪਿੰਦਰ ਮਾੜੀਮੇਘਾ ਨੇ ਮੰਗ ਕੀਤੀ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਨੂੰ ਤੁਰੰਤ ਬਰਖਾਸਤ ਕਰਨ ਅਤੇ ਸਾਰੇ ਸੰਵਿਧਾਨਕ ਅਹੁਦਿਆਂ ਤੋਂ ਪਾਸੇ ਕਰਕੇ ਗ੍ਰਿਫਤਾਰ ਕੀਤਾ ਜਾਵੇ ਤਾਂ ਕਿ ਬ੍ਰਿਜ ਭੂਸ਼ਣ ਸ਼ਰਨ ਵਰਗੇ ਹੋਰ ਦਰਿੰਦਿਆਂ ਨੂੰ ਸਬਕ ਸਿਖਾਇਆ ਜਾ ਸਕੇ ਤਾਂ ਕਿ ਦੇਸ਼ ਦੀ ਹਰ ਬੱਚੀ ਸੁਰੱਖਿਅਤ ਮਹਿਸੂਸ ਕਰੇ। ਸੂਬਾ ਜਨਰਲ ਸਕੱਤਰ ਰਾਜਿੰਦਰਪਾਲ ਕੌਰ ਨੇ ਬ੍ਰਿਜ ਭੂਸ਼ਣ ਸ਼ਰਨ ਦੀ ਕਾਲੀ ਕਰਤੂਤ ਦੀ ਨਿੰਦਾ ਕਰਦਿਆਂ ਪ੍ਰਧਾਨ ਮੰਤਰੀ ਅਤੇ ਬੀ. ਜੇ .ਪੀ. ਸਰਕਾਰ ਵੱਲੋਂ ਦੇਸ਼ ਦੀਆਂ ਨਾਇਕਾਵਾਂ ਦੀ ਅਣਦੇਖੀ ਕਰਨ ਦੀ ਵੀ ਸਖਤ ਨਿਖੇਧੀ ਕੀਤੀ। ਉਨ੍ਹਾਂ ਡਾਕਟਰ ਨਵਸ਼ਰਨ ਨੂੰ ਈ. ਡੀ. ਵੱਲੋਂ ਪ੍ਰੇਸ਼ਾਨ ਕਰਨ ਦੀ ਵੀ ਸਖਤ ਨਿਖੇਧੀ ਕੀਤੀ।

ਵਿਜੇ ਤਾਲਿਬ ਦੀ ਪਲੇਠੀ ਪੁਸਤਕ 'ਵਿਜੇ ਤਾਲਿਬ ਦੇ ਟੱਪੇ' ਲੋਕ ਅਰਪਣ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸਾਹਿਤ ਸੰਗਮ ਦੀਨਾਨਗਰ ਦੀ ਅਚਨਚੇਤ ਸੱਦੀ ਗਈ ਇਕੱਤਰਤਾ ਸਭਾ ਦੇ ਪ੍ਰਧਾਨ ਮੰਗਤ ਚੰਚਲ ਦੀ ਪ੍ਰਧਾਨਗੀ ਹੇਠ ਜਿਸ ਵਿੱਚ ਸਿਮਰਨਜੀਤ ਸਿੰਘ ਹੁੰਦਲ ਕਹਾਣੀਕਾਰ ਅਤੇ ਫਿਲਮਸਾਜ਼ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ, ਮੰਗਤ ਚੰਚਲ ਦੇ ਗ੍ਰਹਿ ਮਾਸਟਰ ਕਲੋਨੀ ਦੀਨਾਨਗਰ ਵਿਖੇ ਹੋਈ। ਇਕੱਤਰਤਾ ਦੇ ਸ਼ੁਰੂ ਵਿੱਚ ਸਾਹਿਤ ਸੰਗਮ ਦੇ ਜਨਰਲ ਸਕੱਤਰ ਦਵਿੰਦਰ ਮਗਰਾਲਾ ਵੱਲੋਂ ਹਾਜ਼ਰ ਮੈਂਬਰਾਂ ਨੂੰ ਹਾਰਦਿਕ ਜੀ ਆਇਆਂ ਆਖਿਆ ਗਿਆ ਅਤੇ ਨਾਲ ਹੀ ਵਿਜੇ ਤਾਲਿਬ ਦੀ ਪਲੇਠੀ ਪੁਸਤਕ 'ਵਿਜੇ ਤਾਲਿਬ ਦੇ ਟੱਪੇ' ਲੋਕ ਅਰਪਣ ਕੀਤੀ ਗਈ। ਸਮੂਹ ਹਾਜ਼ਰ ਕਲਮਕਾਰਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਵਿਜੇ ਤਾਲਿਬ ਨੂੰ ਇਸ ਸ਼ੁਭ ਮੌਕੇ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਮਗਰੋਂ ਹਾਜ਼ਰ ਕਵੀਆਂ 'ਤੇ ਅਧਾਰਤ ਕਵੀ ਦਰਬਾਰ ਹੋਇਆ ਜਿਸ ਦੌਰਾਨ ਸਭ ਤੋਂ ਪਹਿਲਾਂ ਵਿਜੇ ਤਾਲਿਬ ਨੇ ਆਪਣੀ ਪੁਸਤਕ ਵਿੱਚੋਂ ਕੁਝ ਚੋਣਵੇਂ ਟੱਪੇ ਸੁਣਾਏ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਹੁੰਦਲ, ਮੰਗਤ ਚੰਚਲ, ਬਲਬੀਰ ਮਗਰਾਲਾ, ਰਾਜ ਕੁਮਾਰ, ਬਲਵਿੰਦਰ ਸਿੰਘ, ਦਵਿੰਦਰ ਮਗਰਾਲਾ, ਗੁਰਮੀਤ ਸਿੰਘ ਪਾਹੜਾ, ਬੁਟਾ ਰਾਮ ਆਜ਼ਾਦ ਨੇ ਵੀ ਖੂਬਸੂਰਤ ਕਲਾਮ ਪੇਸ਼ ਕੀਤੇ। ਇਸ ਮੌਕੇ ਹੇਮ ਰਾਜ ਰਿਟ: ਐਸਡੀਓ, ਸਮਾਜਿਕ ਕਾਰਜਕਰਤਾ ਸੁਨੀਲ ਦੱਤ, ਦਲੀਪ ਚੰਦ ਅਤੇ ਸੁਮਿਤ ਕਸ਼ਯਪ ਵੀ ਹਾਜ਼ਰ ਸਨ ।

'ਆਪ' ਸਰਕਾਰ ਨੇ ਬਿਜਲੀ ਦੇ ਰੇਟ ਵਧਾ ਕੇ ਲੋਕਾਂ ਨੂੰ ਝਟਕਾ ਦਿੱਤਾ : ਅਰੋੜਾ

**ਤਰਨ

25-May-PAGE-4.qxd 5/24/2023 10:07 PM Page 1

ਨਵਾਂ ਜ਼ਮਾਨਾ
ਵੀਰਵਾਰ, 25 ਮਈ 2023

ਭਾਜਪਾ ਦੇ ਰਾਜ 'ਚ...

ਭਾਜਪਾ ਮੱਧ ਪ੍ਰਦੇਸ਼ ਵਿਚ ਕਈ ਵਰ੍ਹਿਆਂ ਤੋਂ ਰਾਜ ਕਰ ਰਹੀ ਹੈ। ਇਸ ਸਾਲ ਦੇ ਅਖੀਰ ਵਿਚ ਉਥੇ ਅਸੰਬਲੀ ਚੋਣਾਂ ਹੋਣੀਆਂ ਹਨ। ਜਿੱਤਣ ਲਈ ਭਾਜਪਾ ਨੇ ਚਮਕੀਲੇ ਇਸ਼ਤਿਹਾਰਾਂ ਰਾਹੀਂ ਵੋਟਰਾਂ ਨੂੰ ਲੁਭਾਉਣਾ ਸ਼ੁਰੂ ਕਰ ਦਿੱਤਾ ਹੈ। ਪ੍ਰੈੱਸ ਕਾਨਫਰੰਸਾਂ ਕਰਕੇ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਭੰਡ ਰਹੀ ਹੈ, ਪਰ ਆਪਣੀ ਕਾਰਗੁਜ਼ਾਰੀ ਬਾਰੇ ਨਹੀਂ ਦੱਸ ਰਹੀ। ਭਾਜਪਾ ਨੇ ਕਿਹਾ ਸੀ ਕਿ ਉਹ ਬੱਚਿਆਂ ਦਾ ਭਵਿੱਖ ਸੁਨਹਿਰਾ ਬਣਾਏਗੀ। ਹਰ ਬੱਚਾ ਸਕੂਲ ਜਾਏਗਾ। ਏਨੇ ਵਰ੍ਹੇ ਰਾਜ ਕਰਨ ਦੇ ਬਾਅਦ ਉਹ ਇਹ ਨਹੀਂ ਦੱਸ ਰਹੀ ਕਿ ਕੀ ਮੱਧ ਪ੍ਰਦੇਸ਼ ਦਾ ਹਰ ਬੱਚਾ ਸਕੂਲ ਜਾ ਰਿਹਾ ਹੈ? ਜਿਹੜੇ ਜਾਂਦੇ ਹਨ, ਉਨ੍ਹਾਂ ਦੀ ਹਾਲਤ ਕੀ ਹੈ? ਕੀ ਸਕੂਲਾਂ ਵਿਚ ਪੂਰੇ ਟੀਚਰ ਹਨ? ਕੀ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਹਨ? ਸਿੱਖਿਆ ਮੰਤਰੀ ਇੰਦਰ ਸਿੰਘ ਪਰਮਾਰ ਸਿੱਖਿਆ ਖੇਤਰ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣ ਦੀ ਥਾਂ ਕੁੜੀਆਂ ਨੂੰ ਥੀਏਟਰਾਂ ਵਿਚ ਲਿਜਾ ਕੇ 'ਦਿ ਕੇਰਲਾ ਸਟੋਰੀ' ਫਿਲਮ ਦਿਖਾਉਣ ਵਿਚ ਮਸਤ ਹਨ। ਰਾਜ ਸਭਾ ਵਿਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਇਕ ਲਿਖਤੀ ਸਵਾਲ ਦੇ ਜਵਾਬ ਵਿਚ ਦੱਸਿਆ ਸੀ ਕਿ ਮੱਧ ਪ੍ਰਦੇਸ਼ ਦੇ ਸਕੂਲਾਂ 'ਚ 98562 ਟੀਚਰਾਂ ਦੇ ਅਹੁਦੇ ਖਾਲੀ ਪਏ ਹਨ। 22 ਮਾਰਚ 2023 ਨੂੰ ਇਕ ਲਿਖਤੀ ਸਵਾਲ ਦੇ ਜਵਾਬ ਵਿਚ ਕੇਂਦਰੀ ਸਿੱਖਿਆ ਰਾਜ ਮੰਤਰੀ ਅੰਨਪੂਰਨਾ ਦੇਵੀ ਨੇ ਦੱਸਿਆ ਸੀ ਕਿ ਮੱਧ ਪ੍ਰਦੇਸ਼ ਦੇ 17085 ਸਕੂਲ ਸਿਰਫ ਇਕ ਟੀਚਰ ਦੇ ਭਰੋਸੇ ਚੱਲ ਰਹੇ ਹਨ। ਇਕ ਟੀਚਰ ਨਾਲ ਸਕੂਲ ਵਾਲੇ ਰਾਜਾਂ ਵਿਚ ਮੱਧ ਪ੍ਰਦੇਸ਼ ਨੰਬਰ ਇਕ 'ਤੇ ਹੈ। ਬੁਨਿਆਦੀ ਸਹੂਲਤਾਂ ਦਾ ਇੱਥੋਂ ਪਤਾ ਲਗਦਾ ਹੈ ਕਿ ਸਕੂਲੀ ਸਿੱਖਿਆ ਤੇ ਸਾਖਰਤਾ ਵਿਭਾਗ ਮੁਤਾਬਕ ਮੱਧ ਪ੍ਰਦੇਸ਼ ਦੇ 1770 ਸਕੂਲਾਂ ਵਿਚ ਕੁੜੀਆਂ ਲਈ ਵੱਖਰੀ ਟਾਇਲਟ ਦੀ ਵਿਵਸਥਾ ਨਹੀਂ ਹੈ। 33623 (36 ਫੀਸਦੀ) ਸਕੂਲਾਂ ਵਿਚ ਲਾਇਬਰੇਰੀ ਨਹੀਂ ਹੈ। ਜਿੱਥੇ ਹਨ, ਉਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਵਿਚ ਕਿਤਾਬਾਂ ਵੀ ਹੋਣ। 35451 (38 ਫੀਸਦੀ) ਦੀਆਂ ਲਾਇਬਰੇਰੀਆਂ ਵਿਚ ਕਿਤਾਬਾਂ ਨਹੀਂ ਹਨ। ਮਤਲਬ ਹਰ ਤੀਜਾ ਸਕੂਲ ਬਿਨਾਂ ਲਾਇਬਰੇਰੀ ਚੱਲ ਰਿਹਾ ਹੈ। ਭਾਜਪਾ ਸਰਕਾਰ ਬਿਜਲੀ ਮੁਹੱਈਆ ਕਰਾਉਣ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਪਰ 52888 (57 ਫੀਸਦੀ) ਸਕੂਲਾਂ ਵਿਚ ਬਿਜਲੀ ਦੀ ਵਿਵਸਥਾ ਨਹੀਂ ਹੈ। ਬਿਨਾਂ ਬੱਤੀ ਦੇ ਬੱਚਿਆਂ ਦਾ ਭਵਿੱਖ ਸੁਨਹਿਰਾ ਬਣਾਇਆ ਜਾ ਰਿਹਾ ਹੈ। 35882 ਸਕੂਲਾਂ (39 ਫੀਸਦੀ) ਵਿਚ ਹੱਥ ਧੋਣ ਦੀ ਸਹੂਲਤ ਨਹੀਂ ਹੈ। 66882 ਸਕੂਲਾਂ (72 ਫੀਸਦੀ) ਵਿਚ ਡਾਕਟਰੀ ਸਹੂਲਤ ਨਹੀਂ ਹੈ। ਕੁਲ ਮਿਲਾ ਕੇ ਭਾਜਪਾ ਦੇ ਸ਼ਾਸਨ ਵਾਲੇ ਮੱਧ ਪ੍ਰਦੇਸ਼ ਸਿੱਖਿਆ ਦੇ ਜਿਹੜੇ ਢਾਂਚੇ ਨਾਲ ਬੱਚਿਆਂ ਦਾ ਭਵਿੱਖ ਸੁਨਹਿਰਾ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਹ ਖੁਦ ਹੀ ਹਨੇਰੇ ਵਿਚ ਹੈ।

ਸੰਵਿਧਾਨ ਦੀ ਰੂਹ ਦਾ ਕਤਲ ਹੈ, ਸੂਬਿਆਂ ਦੇ ਹੱਕ ਖੋਹਣਾ

ਗੁਰਮੀਤ ਸਿੰਘ ਪਲਾਹੀ

ਕੇਂਦਰ ਸਰਕਾਰ ਨੇ ਭਾਰਤ ਦੀ ਸੁਪਰੀਮ ਕੋਰਟ ਦੀ ਦਿੱਲੀ ਸਰਕਾਰ ਦੇ ਹੱਕ 'ਚ ਦਿੱਤੇ ਫੈਸਲੇ ਤੋਂ ਤੁਰੰਤ ਬਾਅਦ ਇੱਕ ਆਰਡੀਨੈਂਸ ਜਾਰੀ ਕੀਤਾ ਹੈ। ਆਰਡੀਨੈਂਸ ਵਿੱਚ ਦਿੱਲੀ ਸਰਕਾਰ ਦੇ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀ ਵਿੱਚ ਉਪ ਰਾਜਪਾਲ ਦੀ ਭੂਮਿਕਾ ਦੇ ਨਾਲ-ਨਾਲ ਦਿੱਲੀ ਸਰਕਾਰ ਦੇ ਹੱਕਾਂ ਦਾ ਵੀ ਜ਼ਿਕਰ ਹੈ। ਕਿਹਾ ਜਾ ਰਿਹਾ ਹੈ ਕਿ ਕੇਂਦਰ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਉਨਾਂ ਦਾ ਖੋਹਿਆ ਹੋਇਆ ਹੱਕ ਵਾਪਸ ਕਰ ਦਿੱਤਾ ਹੈ। ਦਿੱਲੀ ਦੇ ਉਪ ਰਾਜਪਾਲ ਨੂੰ ਇਸ ਆਰਡੀਨੈਂਸ ਅਧੀਨ ਪਹਿਲਾਂ ਵਾਲੇ ਹੱਕ ਮਿਲ ਜਾਣਗੇ। ਕੀ ਇਹ ਸੂਬਿਆਂ ਦੇ ਸੰਵਿਧਾਨਿਕ ਹੱਕਾਂ ਉੱਤੇ ਨੰਗਾ-ਚਿੱਟਾ ਛਾਪਾ ਨਹੀਂ ਹੈ।

ਸੁਪਰੀਮ ਕੋਰਟ ਨੇ ਪਿਛਲੇ ਦਿਨੀ ਆਪਣੇ ਫੈਸਲੇ 'ਚ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਭਾਵਨਾ ਤਹਿਤ ਕੇਂਦਰ ਨੂੰ ਸੰਵਿਧਾਨ ਵੱਲੋਂ ਤੈਅ ਕੀਤੀਆਂ ਹੱਦਾਂ ਅੰਦਰ ਰਹਿ ਕੇ ਆਪਣੀ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨੇ ਕਿਹਾ ਕਿ ਐੱਲ ਸੀ ਟੀ ਡੀ (ਕੌਮੀ ਰਾਜਧਾਨੀ ਖੇਤਰ ਦਿੱਲੀ) ਦਾ ਨਿਵੇਕਲਾ ਸੰਘੀ ਮਾਡਲ ਹੈ ਅਤੇ ਉਸ ਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਪਰ ਕੇਂਦਰ ਦੀ ਸਰਕਾਰ ਸਮੇਂ-ਸਮੇਂ 'ਤੇ ਆਪਣੀ ਨਾਦਰਸ਼ਾਹੀ ਸੋਚ ਅਧੀਨ ਵਿਰੋਧੀ ਧਿਰ ਵਲੋਂ ਕਾਬਜ਼ ਸੂਬਿਆਂ ਦੇ ਪ੍ਰਬੰਧ 'ਚ ਦਖਲ ਦੇਣ ਲਈ ਰਾਜਪਾਲਾਂ ਦੀ ਵਰਤੋਂ ਕਰਦੀ ਹੈ ਅਤੇ ਬਹੁਤੀ ਵੇਰ ਉਹਨਾਂ ਰਾਜਪਾਲਾਂ ਦੀ ਸਹਾਇਤਾ ਨਾਲ ਸਰਕਾਰਾਂ ਤੋੜ ਦਿੰਦੀ ਹੈ।

ਪਿਛਲੇ ਸਾਲ ਜੂਨ ਵਿੱਚ ਮਹਾਰਾਸ਼ਟਰ ਵਿਚ ਸ਼ਿਵ ਸੈਨਾ, ਕਾਂਗਰਸ ਤੇ ਐੱਨ ਸੀ ਪੀ ਗੱਠਜੋੜ ਮਹਾਂ ਵਿਕਾਸ ਅਗਾੜੀ ਵਿੱਚ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਦੇ ਹਮਾਇਤੀਆਂ ਨੇ ਸ਼ਿਵ ਸੈਨਾ ਤੋਂ ਬਗਾਵਤ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਹਾਇਤਾ ਨਾਲ ਸੱਤਾ ਹਾਸਿਲ ਕੀਤੀ। ਉਸ ਘਟਨਾਕ੍ਰਮ ਦੌਰਾਨ ਸੂਬੇ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਦੀ ਭੂਮਿਕਾ ਬਾਰੇ ਕਈ ਸਵਾਲ ਉਠਾਏ ਗਏ ਅਤੇ ਮਾਮਲਾ ਸੁਪਰੀਮ ਕੋਰਟ ਪਹੁੰਚਿਆ।

ਸਰਬਉੱਚ ਅਦਾਲਤ ਦੇ ਸੰਵਿਧਾਨਿਕ ਬੈਂਚ ਨੇ ਰਾਜਪਾਲ ਦੀਆਂ ਉਸ ਸਮੇਂ ਦੀਆਂ ਕਾਰਵਾਈਆਂ ਨੂੰ ਗਲਤ ਦੱਸਿਆ। ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਕਿ ਰਾਜਪਾਲਾਂ ਨੂੰ ਸਿਆਸੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ ਅਤੇ ਦੂਸਰਾ ਇਹ ਕਿ ਕੋਈ ਰਾਜਪਾਲ ਕਿਸੇ ਸਿਆਸੀ ਦਲ ਵਿਚਲੇ ਝਗੜੇ ਕਾਰਨ ਕਿਸੇ ਸਰਕਾਰ ਨੂੰ ਬਹੁਮਤ ਸਾਬਤ ਕਰਨ ਦਾ ਆਦੇਸ਼ ਨਹੀਂ ਦੇ ਸਕਦਾ। ਅਸਲ ਵਿੱਚ ਤਾਂ ਰਾਜਪਾਲ ਆਪ ਭੂਮਿਕਾ ਨਹੀਂ ਨਿਭਾਉਂਦੇ, ਉਹ ਤਾਂ ਉਪਰੋਂ ਆਏ ਕੇਂਦਰ ਸਰਕਾਰ ਦੇ ਹੁਕਮਰਾਨਾਂ ਦੇ ਹੁਕਮਾਂ ਨੂੰ ਅਮਲੀ ਰੂਪ ਦਿੰਦੇ ਹਨ, ਜੋ ਕਿ ਕਿਸੇ ਵੀ ਹਾਲਤ ਵਿੱਚ ਠੀਕ ਨਹੀਂ।

ਪੰਜਾਬ ਦੇ ਰਾਜਪਾਲ ਵੱਲੋਂ ਵੀ ਸਮੇਂ-ਸਮੇਂ 'ਤੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਨਾਲ ਆਢਾ ਲਾਇਆ ਜਾ ਰਿਹਾ ਹੈ। ਕਈ ਹਾਲਤਾਂ ਵਿੱਚ ਬੇਲੋੜਾ ਦਖ਼ਲ ਵੀ ਰਾਜ ਪ੍ਰਬੰਧ ਦੇ ਕੰਮਾਂ 'ਚ ਦਿੱਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਦੀ ਅਫ਼ਸਰਸ਼ਾਹੀ ਵਿੱਚ ਇੱਕ ਗਲਤ ਸੰਦੇਸ਼ ਜਾਂਦਾ ਹੈ।

ਕੇਂਦਰ ਦੀ ਸਰਕਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੂਬਿਆਂ ਦੇ ਹੱਕਾਂ 'ਚ ਦਖ਼ਲ ਦਿੰਦੀ ਹੈ। ਇਹ ਦਖ਼ਲ ਸੂਬਾ ਸਰਕਾਰ ਦੇ ਚਲਦੇ ਕੰਮਾਂ 'ਚ ਖਲਲ ਪੈਦਾ ਕਰਦਾ ਹੈ। ਪਿਛਲੇ ਦਿਨੀਂ ਪੰਜਾਬ ਦਾ ਦਿਹਾਤੀ ਵਿਕਾਸ ਫੰਡ ਕੇਂਦਰ ਵੱਲੋਂ ਰੋਕ ਦਿੱਤਾ ਗਿਆ। ਮੰਡੀ ਫ਼ੀਸ (ਖਰੀਦ ਵਿਕਰੀ 'ਤੇ ਲਾਇਆ ਜਾਂਦਾ ਟੈਕਸ) ਦੀ ਦਰ ਤਿੰਨ ਫ਼ੀਸਦੀ ਤੋਂ ਘਟਾ ਕੇ 2 ਫ਼ੀਸਦੀ ਕਰ ਦਿੱਤੀ, ਜਿਸ ਨਾਲ ਰਾਜ ਸਰਕਾਰ ਨੂੰ ਵਿਕਾਸ ਲਈ ਮਿਲਦਾ ਰੈਵੇਨੀਊ ਘਟ ਗਿਆ। ਪ੍ਰਮੁੱਖ ਮੁੱਦਾ ਤਾਂ ਇਹ ਹੈ ਕਿ ਕੀ ਕੇਂਦਰ ਸਰਕਾਰ ਨੂੰ ਅਜਿਹਾ ਦਖ਼ਲ ਦੇਣ ਦਾ ਹੱਕ ਹੈ?

ਸੰਵਿਧਾਨ ਦੇ ਫੈਡਰਲ ਢਾਂਚੇ ਦਾ ਅਸੂਲ ਹੈ ਕਿ ਕੇਂਦਰ ਸਰਕਾਰ ਅਜਿਹਾ ਦਖ਼ਲ ਨਾ ਦੇਵੇ, ਕਿਉਂਕਿ ਇਹ ਫੈਡਰਲਿਜ਼ਮ ਦੇ ਸਿਧਾਂਤ ਦੇ ਵਿਰੁੱਧ ਹੈ। ਦਿਹਾਤੀ ਵਿਕਾਸ ਫੰਡ ਪੰਜਾਬ ਦਾ ਹੈ। ਮੰਡੀ ਫ਼ੀਸ ਦਾ ਪ੍ਰਬੰਧ ਸੂਬੇ ਪੰਜਾਬ ਨੇ ਵੇਖਣਾ ਹੈ। ਮੰਡੀਆਂ ਪੰਜਾਬ ਸਰਕਾਰ ਦੀਆਂ ਹਨ। ਜਿਨਸ ਦੀ ਵਿਕਰੀ 'ਤੇ ਲਾਏ ਜਾਂਦੇ ਟੈਕਸ ਖਰੀਦਦਾਰ ਨੇ ਦੇਣੇ ਹਨ, ਤਾਂ ਫਿਰ ਕੇਂਦਰ ਸਰਕਾਰ ਕਿਸ ਹੈਸੀਅਤ 'ਚ ਪੰਜਾਬ ਸਰਕਾਰ ਦੇ ਕੰਮ 'ਚ ਦਖ਼ਲ ਦਿੰਦੀ ਹੈ। ਕੇਂਦਰ ਸਰਕਾਰ ਤਾਂ ਪੰਜਾਬ ਸਰਕਾਰ ਵੱਲੋਂ ਇਸ ਪੇਂਡੂ ਵਿਕਾਸ ਫੰਡ ਦੇ ਵਰਤਣ ਬਾਰੇ ਵੀ ਸਵਾਲ ਉਠਾਉਂਦੀ ਹੈ।

ਇਹ ਹੀ ਨਹੀਂ ਕਿ ਸਿਰਫ਼ ਭਾਜਪਾ ਕੇਂਦਰ ਸਰਕਾਰ ਹੀ ਸੂਬਿਆਂ ਦੇ ਅਧਿਕਾਰਾਂ ਦਾ ਹਨਨ ਕਰਦੀ ਹੈ। ਕੇਂਦਰ 'ਚ ਪਿਛਲੇ ਸਾਲਾਂ 'ਚ ਕਾਬਜ਼ ਰਹੀਆਂ ਵੱਖੋ-ਵੱਖਰੀਆਂ ਪਾਰਟੀਆਂ ਦੀਆਂ ਸਰਕਾਰਾਂ ਆਪਣੇ ਵੱਧ ਅਧਿਕਾਰਾਂ ਲਈ ਸਿਆਸੀ ਮਨੋਰਥ ਲਈ ਵਰਤਦੀਆਂ ਆਈਆਂ ਹਨ। ਭਾਜਪਾ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਬਣਾਏ, ਜੋ ਕਿ ਫੈਡਰਲ ਢਾਂਚੇ ਦੇ ਅਸੂਲਾਂ 'ਚ ਸਿੱਧਾ ਦਖ਼ਲ ਸਨ। ਪਿਛਲੇ ਸਮਿਆਂ 'ਚ ਆਪਣੀਆਂ ਵਿਰੋਧੀ ਸੂਬਾ ਸਰਕਾਰਾਂ ਨੂੰ ਵੀ ਉਸ ਸਮੇਂ ਰਾਜ ਕਰਦੀ ਕਾਂਗਰਸ ਪਾਰਟੀ ਨੇ ਨਾ ਬਖ਼ਸ਼ਿਆ।

ਹੁਣ ਵੀ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਅਤੇ ਕੇਂਦਰੀਕਰਨ ਦੇ ਰੁਝਾਨ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਸਿੱਧਾ ਪ੍ਰਬੰਧ ਆਪਣੇ ਹੱਥ 'ਚ ਲੈਣ ਲਈ 370 ਧਾਰਾ ਖ਼ਤਮ ਕੀਤੀ, ਸੂਬੇ ਦੀ ਵੰਡ ਕੀਤੀ ਅਤੇ ਪ੍ਰਬੰਧ ਸਿੱਧਾ ਆਪਣੇ ਹੱਥ ਲਿਆ। ਕੀ ਇਹ ਜਮਹੂਰੀ ਕਦਰਾਂ-ਕੀਮਤਾਂ ਦੀ ਉਲੰਘਣਾ ਨਹੀਂ ਹੈ?

ਸੰਵਿਧਾਨ ਅਨੁਸਾਰ ਕਾਰਜ ਪਾਲਿਕਾ, ਨਿਆਂ ਪਾਲਿਕਾ, ਵਿਧਾਨ ਪਾਲਿਕਾ ਦੇ ਦਰਮਿਆਨ ਸੱਤਾ ਦੀ ਵੰਡ ਕੀਤੀ ਗਈ ਹੈ। ਇਸ ਵਿੱਚ ਕਿਸੇ ਵੀ ਸੰਸਥਾ ਨੂੰ ਸਰਬ-ਸ਼ਕਤੀਮਾਨ ਬਣਨ ਦੀ ਖੁੱਲ੍ਹ ਨਹੀਂ ਦਿੱਤੀ ਗਈ, ਪਰ ਇਸ ਸਮੇਂ ਪਾਰਲੀਮੈਂਟ ਉਤੇ ਕਾਬਜ਼ ਹਾਕਮ ਧਿਰ ਸੱਤਾ ਦੀ ਰਾਜਨੀਤੀ, ਲੋਕਾਂ ਅਤੇ ਸਰੋਤਾਂ ਉਤੇ ਬੇਇੰਤਹਾ ਕੰਟਰੋਲ ਕਰਨ ਦੇ ਰਾਹ ਉਤੇ ਹੈ।

ਕੇਂਦਰੀ ਸਰੋਤਾਂ ਦਾ ਵਪਾਰੀਕਰਨ, ਕੇਂਦਰੀਕਰਨ ਅਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ। ਸੱਤਾ ਪਰਾਪਤੀ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਮੀਡੀਆ ਉਤੇ ਪੂਰਾ ਕੰਟਰੋਲ ਕਰਕੇ ਇੱਕ ਸ਼ਖਸੀ ਪ੍ਰਬੰਧਨ ਨੂੰ ਤਰਜੀਹ ਦੇ ਕੇ ਡਿਕਟੇਟਰਾਨਾ ਸੋਚ ਅਧੀਨ ਰਾਜ ਪ੍ਰਬੰਧ ਚਲਾਇਆ ਜਾ ਰਿਹਾ ਹੈ, ਜੋ ਦੇਰ-ਸਵੇਰ ਸੂਬਿਆਂ ਦੇ ਹੱਕਾਂ ਨੂੰ ਸੀਮਤ ਕਰਦਾ ਹੈ। ਕਈ ਵੇਰ ਸੂਬਿਆਂ ਤੇ ਕੇਂਦਰ ਵਿੱਚ ਟਕਰਾਅ ਇਸ ਕਰਕੇ ਵੀ ਵਧਦਾ ਹੈ ਕਿ ਸੂਬੇ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਫੰਡਾਂ ਦੀ ਲੋੜੀਂਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਜੀ.ਐੱਸ.ਟੀ ਲਾਗੂ ਕਰਨ ਤੋਂ ਬਾਅਦ ਤਾਂ ਕਈ ਸੂਬੇ ਆਪਣੇ ਆਪ ਨਾਲ ਵਿਤਕਰੇ ਭਰਿਆ ਸਲੂਕ ਮਹਿਸੂਸ ਕਰ ਰਹੇ ਹਨ। ਪੱਛਮੀ ਬੰਗਾਲ ਦੀ ਤ੍ਰਿਮੂਲ ਕਾਂਗਰਸ ਦੀ ਸਰਕਾਰ ਇਸੇ ਕਰਕੇ ਕੇਂਦਰ ਪ੍ਰਤੀ ਰੋਹ ਨਾਲ ਭਰੀ ਰਹਿੰਦੀ ਹੈ। ਇਹੋ ਹਾਲ ਪੰਜਾਬ ਸਰਕਾਰ ਦਾ ਹੈ। ਪੇਂਡੂ ਵਿਕਾਸ ਫੰਡ ਮਾਮਲੇ ਉਤੇ ਉਹ ਸੁਪਰੀਮ ਕੋਰਟ ਦਾ ਰੁਖ਼ ਕਰਨ ਜਾ ਰਹੀ ਹੈ। ਪਹਿਲਾਂ ਵੀ ਰਾਜਪਾਲ ਪੰਜਾਬ ਦੇ ਵਤੀਰੇ ਸਬੰਧੀ ਉਸ ਸੁਪਰੀਮ ਕੋਰਟ 'ਚ ਪਹੁੰਚ ਕਰਕੇ ਰਾਹਤ ਪ੍ਰਾਪਤ ਕੀਤੀ ਸੀ।

ਸੰਵਿਧਾਨ ਦੀਆਂ ਧਰਾਵਾਂ 245 ਤੋਂ 263 ਵਿੱਚ ਕੇਂਦਰ ਅਤੇ ਸੂਬਿਆਂ ਦੇ ਹੱਕਾਂ ਦੀ ਵੰਡ ਕੀਤੀ ਹੋਈ ਹੈ। ਇਸ ਅਨੁਸਾਰ ਯੂਨੀਅਨ (ਕੇਂਦਰ) ਲਿਸਟ, ਸਟੇਟ (ਰਾਜ) ਲਿਸਟ ਅਤੇ ਕੰਨਕਰੰਟ ਲਿਸਟ ਅਨੁਸਾਰ ਪਾਰਲੀਮੈਂਟ ਅਤੇ ਸੂਬਾ ਅਸੰਬਲੀਆਂ ਦੇ ਕੰਮਾਂ ਦੀ ਵੰਡ ਵੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਕੇਂਦਰ ਸਰਕਾਰ ਸੂਬਿਆਂ ਦੇ ਅਧਿਕਾਰਾਂ 'ਚ ਕਾਨੂੰਨ ਬਣਾਉਣ ਲੱਗਿਆਂ ਸਿੱਧਾ-ਅਸਿੱਧਾ ਰਾਜਾਂ ਦੇ ਹੱਕਾਂ 'ਚ ਦਖ਼ਲ ਦੇ ਹੀ ਜਾਂਦੀ ਹੈ। ਇਸ ਦੀ ਸਿੱਧੀ ਉਦਾਰਹਨ ਕੋਵਿਡ-19 ਸਮੇਂ ਦੀ ਹੈ, ਜਿਸ ਅਨੁਸਾਰ ਕੇਂਦਰ ਨੇ ਅਧਿਕਾਰਾਂ ਦੀ ਵੱਧ ਵਰਤੋਂ ਕਰਦਿਆਂ ਰਾਜਾਂ ਨੂੰ ਸਿੱਧੇ ਨਿਰਦੇਸ਼ ਦਿੱਤੇ, ਜਦਕਿ ਸਿਹਤ ਸੂਬਿਆਂ ਦਾ ਵਿਸ਼ਾ ਹੈ।

ਇਸੇ ਕਿਸਮ ਦੇ ਹੋਰ ਮਸਲਿਆਂ ਸਬੰਧੀ ਸਿੱਧੇ ਦਖ਼ਲ ਨੂੰ ਸੂਬਿਆਂ ਦੀ ਸਰਕਾਰਾਂ ਨੇ ਵੰਗਾਰਿਆ ਹੈ। ਸੀ ਏ ਏ ਨੂੰ ਕੇਰਲ ਸਰਕਾਰ ਨੇ 131 ਆਰਟੀਕਲ ਤਹਿਤ ਸੁਪਰੀਮ ਕੋਰਟ 'ਚ ਚੈਲੰਜ ਕੀਤਾ ਹੈ। ਛੱਤੀਸਗੜ੍ਹ ਨੇ ਐੱਨ.ਆਈ.ਏ.(ਨੈਸ਼ਨਲ ਇਨਵੈਸਟੀਗੇਸ਼ਨ ਐਕਟ 2008) ਨੂੰ ਚੈਲੰਜ ਕੀਤਾ ਹੈ। ਭਾਵ ਕੇਂਦਰ ਅਤੇ ਸੂਬਿਆਂ ਦਰਮਿਆਨ ਅਧਿਕਾਰਾਂ ਦੀ ਵੰਡ ਦੇ ਮਾਮਲੇ ਉਤੇ ਸਮੇਂ-ਸਮੇਂ 'ਤੇ ਸਵਾਲ ਉੱਠਦੇ ਰਹਿੰਦੇ ਹਨ, ਪਰ ਕੇਂਦਰ ਸਰਕਾਰ ਆਪਣੀ ਤਾਕਤ ਦੇ ਜ਼ੋਰ ਨਾਲ ਅਣਚਾਹਿਆ ਦਖ਼ਲ ਸੂਬਿਆਂ ਦੇ ਹੱਕਾਂ 'ਚ ਦੇਣ ਤੋਂ ਨਹੀਂ ਟਲਦੀ, ਜਿਸ ਦੇ ਸਿੱਟੇ ਵਜੋਂ ਸੂਬਿਆਂ ਦੇ ਲੋਕ, ਸਿਆਸੀ ਧਿਰਾਂ, ਖ਼ੁਦਮੁਖਤਿਆਰੀ ਅਤੇ ਵੱਧ ਅਧਿਕਾਰਾਂ ਦੀ ਮੰਗ ਕਰਦੀਆਂ ਹਨ।

ਅਨੰਦਪੁਰ ਸਾਹਿਬ ਦਾ ਮਤਾ ਇਸ ਦੀ ਇੱਕ ਉਦਾਹਰਨ ਹੈ, ਜੋ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਲਿਆਂਦਾ ਸੀ, ਜਿਸ ਅਨੁਸਾਰ ਸੂਬਿਆਂ ਲਈ ਵੱਧ ਅਧਿਕਾਰ ਅਤੇ ਖ਼ੁਦਮੁਖਤਿਆਰੀ ਦੀ ਮੰਗ ਕੀਤੀ ਗਈ ਹੈ। ਇਹ ਮਤਾ ਕਾਫ਼ੀ ਚਰਚਿਤ ਹੋਇਆ। ਦੇਸ਼ ਦੀਆਂ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਅਨੰਦਪੁਰ ਸਾਹਿਬ ਮਤੇ ਅਨੁਸਾਰ ਸੂਬਿਆਂ ਦੇ ਵੱਧ ਅਧਿਕਾਰਾਂ ਦੀ ਗੱਲ ਕਰਨ ਲੱਗੀਆਂ ਹਨ, ਕਿਉਂਕਿ ਉਹ ਵੇਖ ਰਹੀਆਂ ਹਨ ਕਿ ਸੂਬੇ ਦੇ ਵਿਕਾਸ ਲਈ ਵਧੇਰੇ ਵਿੱਤੀ ਸਾਧਨਾਂ ਲਈ ਉਹਨਾਂ ਨੂੰ ਕੇਂਦਰ ਉਤੇ ਝਾਕ ਰੱਖਣੀ ਪੈਂਦੀ ਹੈ। ਇਹੋ ਕਾਰਨ ਹੈ ਕਿ ਸੂਬਿਆਂ ਅਤੇ ਕੇਂਦਰ ਦੇ ਆਪਸੀ ਸਬੰਧ ਅਣ-ਸੁਖਾਵੇਂ ਹੋ ਰਹੇ ਹਨ ਅਤੇ ਆਪਸੀ ਤਕਰਾਰ ਵੀ ਵਧਦੀ ਨਜ਼ਰ ਆਉਂਦੀ ਹੈ।

ਮੌਜੂਦਾ ਸਮੇਂ 'ਚ ਸੂਬਿਆਂ ਦੇ ਰਾਜਪਾਲਾਂ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਰਾਹੀਂ ਸੂਬਿਆਂ ਦੇ ਸਿ

25-MAY-PAGE-5.qxd 5/24/2023 10:14 PM Page 1

ਲੋਕ ਸਭਾ ਮੈਂਬਰਾਂ ਨੂੰ 28 ਨੂੰ ਚਿਤਾਵਨੀ ਪੱਤਰ ਦੇਣ ਦਾ ਐਲਾਨ : ਸੰਯੁਕਤ ਕਿਸਾਨ ਮੋਰਚਾ

ਪੰਜਾਬ ਸਰਕਾਰ ਮੁਆਵਜ਼ੇ ਸੰਬੰਧੀ "ਜੇ ਫਾਰਮ" ਦੀ ਲਗਾਈ ਸ਼ਰਤ ਤੁਰੰਤ ਲਵੇ ਵਾਪਸ : ਮੋਰਚਾ

ਮਾਨਸਾ (ਪਮਾਰ)- ਸੰਯੁਕਤ ਕਿਸਾਨ ਮੋਰਚਾ ਦੀ ਜ਼ਿਲ੍ਹਾ ਮਾਨਸਾ ਦੀ ਮੀਟਿੰਗ ਜੋ ਕਿ ਸਥਾਨਕ ਤੇਜਾ ਸਿੰਘ ਸੰਤੁਤਰ ਭਵਨ ਮਾਨਸਾ ਵਿਖੇ ਹੋਈ 'ਚ ਸਰਬਸੰਮਤੀ

ਨਾਲ ਮਤਾ ਪਾਸ ਕਰਦਿਆਂ ਆਗੂਆਂ ਕਿਹਾ ਕਿ ਸੰਯੁਕਤ ਮੋਰਚੇ ਦੇ ਬੈਨਰ ਹੇਠ 28 ਮਈ ਨੂੰ ਕੋਰਟ ਕੰਪਲੈਕਸ ਵਿਖੇ ਇਕੱਤਰ ਹੋ ਕੇ ਸ਼ਹਿਰ 'ਚ ਮਾਰਚ ਕਰਦਿਆਂ ਹਲਕਾ ਬਠਿੰਡਾ ਦੇ ਐਮ ਪੀ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਚਿਤਾਵਨੀ ਪੱਤਰ ਸੌਂਪਿਆ ਜਾਵੇਗਾ। ਜ਼ਿਕਰਯੋਗ ਹੈ ਕਿ ਰਹਿੰਦੀਆਂ ਕਿਸਾਨੀ ਮੰਗਾਂ, ਲਖੀਮਪੁਰ ਖੀਰੀ ਕਤਲ ਕਾਂਡ ਦੇ ਦੋਸ਼ੀ ਅਤੇ ਮਹਿਲਾ ਪਹਿਲਵਾਨਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਮਸਲਾ ਪਿਛਲੇ ਲੰਬੇ ਸਮੇਂ ਤੋਂ ਲਟਕ ਰਿਹਾ ਹੈ। ਇਸ ਦੇ ਨਾਲ ਹੀ ਪਿਛਲੇ ਲੰਬੇ ਸਮੇਂ ਤੋਂ ਲੰਪੀ ਸਕਿਨ ਬਿਮਾਰੀ ਨਾਲ ਪੀੜਤ ਗਾਵਾਂ ਦੇ ਮੁਆਵਜ਼ੇ, ਗੁਲਾਬੀ ਸੁੰਡੀ ਨਾਲ ਨੁਕਸਾਨੀ ਨਰਮੇ ਦੀ ਫਸਲ, ਗੜੇਮਾਰੀ ਨਾਲ ਕਣਕ ਦੇ ਖਰਾਬੇ ਅਤੇ ਵਰਤਮਾਨ ਸਮੇਂ ਵਿੱਚ ਮੀਂਹ, ਝੱਖੜ ਨਾਲ ਰਜਵਾਹੇ ਟੁੱਟਣ ਕਾਰਨ ਹੋਏ ਫਸਲੀ ਤੇ ਘਰੇਲੂ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਵੀ ਕੀਤੀ ਗਈ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਫਸਲਾਂ ਦੇ "ਜੇ ਫਾਰਮ" ਜ਼ਰੂਰੀ ਕਰਨ ਅਤੇ ਸਿਰਫ ਪੰਜ ਏਕੜ ਤੱਕ ਮੁਆਵਜ਼ਾ ਦੇਣ ਦੀ ਸ਼ਰਤ ਨੂੰ ਵਾਪਸ ਲੈ ਕੇ ਫਸਲ ਦੇ ਕੁੱਲ ਨੁਕਸਾਨ ਦੀ ਭਰਪਾਈ ਕਰਨਾ ਯਕੀਨੀ ਬਣਾਵੇ । ਪੰਜਾਬ ਅੰਦਰ ਜੋ ਸਬਸਿਡੀ 'ਤੇ ਖੇਤੀ ਸੋਲਰ ਮੋਟਰਾਂ ਦਿੱਤੀਆਂ ਜਾ ਰਹੀਆਂ ਹਨ ਉਸ ਵਿੱਚ ਮਾਨਸਾ ਜ਼ਿਲ੍ਹੇ ਨੂੰ ਵੀ ਸ਼ਾਮਲ ਕੀਤਾ ਜਾਵੇ। ਮੀਟਿੰਗ ਦੌਰਾਨ ਬੀ ਕੇ ਯੂ ਡਕੌਂਦਾ (ਬੁਰਜ ਗਿੱਲ) ਦੇ ਆਗੂ ਇਕਬਾਲ ਸਿੰਘ ਮਾਨਸਾ, ਬੀ ਕੇ ਯੂ ਕਾਦੀਆਂ ਦੇ ਆਗੂ ਪਰਮਜੀਤ ਸਿੰਘ ਗਾਗੋਵਾਲ, ਨਾਜਰ ਸਿੰਘ ਖਿਆਲਾ,ਬੀ ਕੇ ਯੂ ਡਕੌਂਦਾ (ਧਨੇਰ) ਦੇ ਆਗੂ ਬਲਵਿੰਦਰ ਸ਼ਰਮਾ, ਕੁਲ ਹਿੰਦ ਕਿਸਾਨ ਸਭਾ (ਅਜੈ ਭਵਨ) ਦੇ ਆਗੂ ਜੁਗਰਾਜ ਸਿੰਘ ਹੀਰਕੇ, ਦਲਜੀਤ ਸਿੰਘ ਮਾਨਸ਼ਾਹੀਆ, ਪੰਜਾਬ ਕਿਸਾਨ ਯੂਨੀਅਨ ਦੇ ਗੁਰਜੰਟ ਸਿੰਘ ਮਾਨਸਾ, ਸੁਖਚਰਨ ਦਾਨੇਵਾਲੀਆ, ਬੀ ਕੇ ਯੂ ਮਾਲਵਾ ਦੇ ਆਗੂ ਮਲਕੀਤ ਸਿੰਘ ਜੌੜਕੀਆਂ, ਕੁਲ ਹਿੰਦ ਕਿਸਾਨ ਸਭਾ (ਸੁਰਜੀਤ ਭਵਨ) ਦੇ ਆਗੂ ਅਮਰਜੀਤ ਸਿੰਘ ਸਿੱਧੂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਭਜਨ ਸਿੰਘ ਘੁੰਮਣ, ਸਾਧੂ ਸਿੰਘ ਬੁਰਜ ਢਿੱਲਵਾਂ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਆਗੂ ਧੰਨਾ ਮੱਲ ਗੋਇਲ, ਬੀ ਕੇ ਯੂ ਲੱਖੋਵਾਲ ਦੇ ਆਗੂ ਨਿਰਮਲ ਸਿੰਘ ਝੰਡੂਕੇ, ਪਰਸ਼ੋਤਮ ਸਿੰਘ ਗਿੱਲ, ਜਮਹੂਰੀ ਕਿਸਾਨ ਯੂਨੀਅਨ ਦੇ ਅਮਰੀਕ ਸਿੰਘ ਫਫੜੇ, ਮੇਜਰ ਸਿੰਘ ਦੂਲੋਵਾਲ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਰਿੰਦਰ ਕੌਰ ਬੁਰਜ ਹਮੀਰਾ, ਦਰਸ਼ਨ ਸਿੰਘ ਜਟਾਣਾ, ਕ੍ਰਿਸ਼ਨ ਚੌਹਾਨ, ਮਹਿੰਦਰ ਸਿੰਘ ਖਿਆਲਾ, ਹਰਨੇਕ ਸਿੰਘ ਆਦਿ ਵੀ ਹਾਜ਼ਰ ਸਨ ।

ਪੁਲਸ ਵੱਲੋਂ ਨਿਰਦੋਸ਼ ਵਿਅਕਤੀ ਨਾਲ ਧੱਕਾ ਕਰਨ ਦੀ ਨਿਖੇਧੀ

ਬਠਿੰਡਾ (ਪੱਤਰ ਪ੍ਰੇਰਕ) ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਵਿੱਤ ਸਕੱਤਰ ਸਾਥੀ ਮਹੀਪਾਲ ਤੇ ਬਠਿੰਡਾ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਤੇ ਜਨਰਲ ਸਕੱਤਰ ਸਾਥੀ ਮਿੱਠੂ ਸਿੰਘ ਘੁੱਦਾ ਤੇ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਲੰਘੀ 20 ਮਈ ਨੂੰ ਬੱਸ ਸਟੈਂਡ ਸ਼੍ਰੀ ਮੁਕਤਸਰ ਸਾਹਿਬ ਦੀ ਪੁਲਸ ਚੌਕੀ ਦੇ ਇੰਚਾਰਜ ਵੱਲੋਂ ਜਥੇਬੰਦੀ ਦੇ ਸੂਬਾਈ ਜਥੇਬੰਦਕ ਸਕੱਤਰ ਸਾਥੀ ਜਗਜੀਤ ਸਿੰਘ ਜੱਸੇਆਣਾ ਉੱਪਰ ਅੰਨ੍ਹਾ ਤਸ਼ੱਦਦ ਕਰਨ ਅਤੇ ਥਾਣਾ ਸਿਟੀ ਵਿਖੇ ਪੀੜ੍ਹਤ ਖਿਲਾਫ਼ ਹੀ ਝੂਠਾ ਪਰਚਾ ਦਰਜ ਕਰਨ ਦੇ ਅਣਮਨੁੱਖੀ ਕਾਰੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਮਜ਼ਦੂਰ ਆਗੂਆਂ ਨੇ ਦੱਸਿਆ ਕਿ ਕਿਸੇ ਨਿਰਦੋਸ਼ ਵਿਅਕਤੀ ਦੀ ਪੈਰਵੀ ਕਰਨ ਲਈ ਪੁਲਸ ਚੌਕੀ ਗਏ ਸਾਥੀ ਜਗਜੀਤ ਸਿੰਘ ਜੱਸੇਆਣਾ ਨਾਲ ਏ.ਐਸ.ਆਈ. ਬਲਦੇਵ ਸਿੰਘ ਨੇ ਜਾਤੀਸੂਚਕ ਸ਼ਬਦ ਬੋਲਦਿਆਂ ਦੁਰਵਿਹਾਰ ਕੀਤਾ ਅਤੇ ਧੱਕੇ ਤੇ ਧੱਫੇ ਮਾਰੇ। ਇਸ ਧਿੰਗੋਜੋਰੀ ਦਾ ਵਿਰੋਧ ਕਰਨ ਬਦਲੇ ਉਲਟਾ ਸਗੋਂ ਸਾਥੀ ਜੱਸੇਆਣਾ ਖਿਲਾਫ਼ ਹੀ ਧਾਰਾ 353/186 ਤਹਿਤ ਝੂਠਾ ਪਰਚਾ ਦਰਜ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਆਗੂਆਂ ਨੇ ਉੱਚ ਪੁਲਸ ਅਧਿਕਾਰੀਆਂ ਤੋਂ ਢੁੱਕਵੀਂ ਪੜਤਾਲ ਉਪਰੰਤ ਝੂਠਾ ਪਰਚਾ ਖਾਰਜ ਕਰਨ ਤੇ ਕੁੱਟਮਾਰ 'ਤੇ ਜਾਤੀ ਸੂਚਕ ਸ਼ਬਦ ਬੋਲਣ ਦੇ ਦੋਸ਼ੀ ਏ.ਐਸ.ਆਈ. ਖਿਲਾਫ਼ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਆਗੂਆਂ ਨੇ ਜੇਲ੍ਹ ਅਧਿਕਾਰੀਆਂ ਤੇ ਡਾਕਟਰ ਵੱਲੋਂ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਏ ਸਾਥੀ ਜੱਸੇਆਣਾ ਨੂੰ ਫਿੱਟ ਕਰਾਰ ਦੇ ਕੇ ਜੇਲ੍ਹ ਅੰਦਰ ਦਾਖ਼ਲ ਕਰਨ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਸਮੁੱਚੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਨ ਅਤੇ ਸਾਥੀ ਜੱਸੇਆਣਾ ਦਾ ਦੁਬਾਰਾ ਮੈਡੀਕਲ ਕਰਾਉਣ ਦੀ ਮੰਗ ਕੀਤੀ ਹੈ। ਆਗੂਆਂ ਨੇ ਐਲਾਨ ਕੀਤਾ ਹੈ ਕਿ ਇਸ ਜਾਬਰ ਕਾਰਵਾਈ ਵਿਰੁੱਧ ਤਿੱਖਾ ਸੰਘਰਸ਼ ਛੇੜਿਆ ਜਾਵੇਗਾ।

ਉਨ੍ਹਾਂ ਜੱਥੇਬੰਦੀ ਦੀਆਂ ਸਮੂਹ ਹੇਠਲੀਆਂ ਕਮੇਟੀਆਂ ਨੂੰ ਇਸ ਜਾਬਰ ਕਾਰਵਾਈ ਵਿਰੁੱਧ ਤਿੱਖੀ ਲਾਮਬੰਦੀ ਕਰਨ ਦਾ ਸੱਦਾ ਦਿੰਦਿਆਂ ਜਮਹੂਰੀ ਤੇ ਪ੍ਰਗਤੀਸ਼ੀਲ ਧਿਰਾਂ ਨੂੰ ਇਸ ਪੁਲਸੀਆ ਧੱਕੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

1.42 ਕਰੋੜ ਰੁਪਏ ਦੀ ਪਾਈਪ ਲਾਈਨ ਪਾਉਣ ਵਾਲੇ ਪ੍ਰਾਜੈਕਟ ਦਾ ਵਿਧਾਇਕ ਨੇ ਰੱਖਿਆ ਨੀਂਹ ਪੱਥਰ

ਬਾਘਾ ਪੁਰਾਣਾ, (ਮਨੀ ਸਿਗਲਾ)- ਭੂਮੀ ਅਤੇ ਜਲ ਸੰਭਾਲ ਵਿਭਾਗ ਪੰਜਾਬ ਵੱਲੋਂ ਭਗਵੰਤ ਸਿੰਘ ਮਾਨ, ਇੰਦਰਬੀਰ ਸਿੰਘ ਨਿੱਝਰ ਕੈਬਨਿਟ ਮੰਤਰੀ ਦੀ ਅਗਵਾਈ ਹੇਠ ਸੀਵਰੇਜ ਟਰੀਟਮੈਂਟ ਪਲਾਟ ਦੇ ਸੋਧੇ ਹੋਏ ਪਾਣੀ ਨੂੰ ਸਿੰਚਾਈ ਲਈ ਖੇਤਾਂ ਨੂੰ ਦੇਣ ਲਈ 1.42 ਕਰੋੜ ਰੁਪਏ ਦੀ ਲਾਗਤ ਪਾਈਪ ਲਾਈਨ ਪਾਉਣ ਦਾ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਨਿਹਾਲ ਸਿੰਘ ਵਾਲਾ ਰੋਡ 'ਤੇ ਨੀਂਹ ਪੱਥਰ ਰੱਖਿਆ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਐਸ.ਟੀ.ਪੀ ਪਲਾਂਟ ਤੋਂ ਪਾਈਪ ਲਾਈਨ ਪੈਣ ਨਾਲ ਖੇਤਾਂ ਨੂੰ ਸਾਫ਼ ਪਾਣੀ ਮੁਫ਼ਤ ਦਿੱਤਾ ਜਾਵੇਗਾ। ਇਹ ਪਾਈਪ ਲਾਈਨ ਨਿਹਾਲ ਸਿੰਘ ਵਾਲਾ ਰੋਡ 'ਤੇ ਟਰੀਟਮੈਂਟ ਪਲਾਂਟ ਤੋਂ 6.5 ਕਿਲੋਮੀਟਰ ਕਾਲੇਕੇ ਵੱਲ ਦੀ ਖੇਤਾਂ ਨੂੰ ਪਾਈ ਜਾਵੇਗੀ। ਪਾਈਪ ਲਾਈਨ ਪੈਣ ਨਾਲ ਕਿਸਾਨਾਂ ਨੂੰ ਪੂਰਾ ਫ਼ਾਇਦਾ ਮਿਲੇਗਾ, ਕਿਉਂਕਿ ਸੋਧੇ ਹੋਏ ਪਾਣੀ ਵਿੱਚ ਫ਼ਸਲ ਦੀ ਸਿੰਚਾਈ ਲਈ ਵਧੇਰੇ ਤੱਤ ਹਨ। ਪਾਈਪ ਪੈਣ ਨਾਲ 200 ਦੇ ਕਰੀਬ ਕਿਸਾਨਾਂ ਨੂੰ ਫ਼ਾਇਦਾ ਹੋਵੇਗਾ ਅਤੇ 500 ਏਕੜ ਜ਼ਮੀਨ ਵਿਚ ਪਾਈਪ ਪਾਈ ਜਾਵੇਗੀ।

ਵਿਧਾਇਕ ਸੁਖਾਨੰਦ ਨੇ ਕਿਹਾ ਕਿ ਸ਼ਹਿਰ ਅੰਦਰ 70 ਫੀਸਦੀ ਸੀਵਰੇਜ ਸਿਸਟਮ ਚੱਲ ਰਿਹਾ ਹੈ, ਕਿਉਂਕਿ ਸੀਵਰੇਜ ਦੀਆਂ ਪਾਈਪਾਂ ਹੌਦੀਆਂ ਦੀ ਰਿਪੇਅਰ ਬੜੀ ਬਰੀਕੀ ਨਾਲ ਕਰਾਈ ਗਈ ਹੈ ਤਾਂ ਜੁ ਕਿਸੇ ਪਾਸਿਓਂ ਪਾਣੀ ਲੀਕ ਨਾ ਹੋਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸ਼ਹਿਰ ਵਾਸੀਆਂ ਨੇ ਸੀਵਰੇਜ ਦੇ ਕੁਨੈਕਸ਼ਨ ਨਹੀਂ ਲਏ, ਉਹ ਕੁਨੈਕਸ਼ਨ ਜ਼ਰੂਰ ਲੈਣ। ਜੇਕਰ ਪਾਣੀ ਦਾ ਦਬਾਅ ਜ਼ਿਆਦਾ ਹੋਵੇਗਾ ਤਾਂ ਸੀਵਰੇਜ ਸਿਸਟਮ ਵਧੀਆ ਚੱਲੇਗਾ। ਵਿਧਾਇਕ ਸੁਖਾਨੰਦ ਨੇ ਕਿਹਾ ਕਿ 10 ਸਾਲ ਅਕਾਲੀ ਭਾਜਪਾ ਦੀ ਸਰਕਾਰ ਰਹੀ ਤੇ ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ, ਪਰ ਕਿਸੇ ਨੇ ਨਾ ਤਾਂ ਸੀਵਰੇਜ ਸਿਸਟਮ ਨੂੰ ਚਾਲੂ ਕਰਨ ਲਈ ਕੋਈ ਦਿਲਚਸਪੀ ਲਈ ਕਰੋੜਾਂ ਰੁਪਏ ਖਰਚ ਕਰ ਕੇ ਵਿਚਾਲੇ ਛੱਡ ਦਿੱਤਾ। ਜਦੋਂ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਦੋਂ ਤੋਂ ਪਿੰਡਾਂ ਤੇ ਸ਼ਹਿਰ ਵਿੱਚ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪੂਰੇ ਕੀਤੇ ਅਤੇ ਕਰੋੜਾਂ ਰੁਪਏ ਦੇ ਸਰਕਾਰ ਤੋਂ ਆਏ ਫੰਡਾਂ ਨਾਲ ਨਵੇਂ ਸਿਰਿਓਂ ਸ਼ੁਰੂ ਕਰਾਏ ਗਏ।

ਉਨ੍ਹਾਂ ਕਿਹਾ ਸ਼ਹਿਰ ਤੇ ਪਿੰਡਾਂ ਦੀ ਨੁਹਾਰ ਨੂੰ ਬਦਲਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਸੋਨੀ ਧਾਲੀਵਾਲ ਮਾੜੀ ਮੁਸਤਫਾ, ਪ੍ਰਧਾਨ ਰਵੀ ਮੋੜ, ਲੱਖਾ ਚੰਨ ਵਾਲਾ, ਧਰਮਿੰਦਰ ਸਿੰਘ ਰੱਖੜਾ, ਗਗਨ ਚੱਢਾ, ਸਿਰਾ ਸਿੰਘ ਖਾਲਸਾ ਡੇਰੀਵਾਲਾ, ਟੀਟੂ ਬਰਾੜ, ਵਿਜੈ ਸਿੰਗਲਾ ਮੰਡਲ ਭੂਮੀ ਰੱਖਿਆ ਅਫ਼ਸਰ, ਸੁਖਦਰਸ਼ਨ ਸਿੰਘ ਉਪ ਮੰਡਲ ਭੂਮੀ ਰੱਖਿਆ ਅਫ਼ਸਰ, ਸੁਖਮੇਦਰ ਸਿੰਘ ਖਰਾ, ਰਵਿੰਦਰ ਰਵੀ, ਮਨਜਿੰਦਰ ਸਿੰਘ, ਮਨਦੀਪ ਸਿੰਘ, ਪਲਵਿੰਦਰ ਸਿੰਘ, ਜੱਗਾ ਬਰਾੜ, ਵਿੱਕੀ, ਕਪਤਾਨ ਸਿੰਘ, ਮਨਜੀਤ ਸਿੰਘ ਰਾਜੇਆਣਾ, ਗੁਰਪ੍ਰੀਤ ਸਿੰਘ ਮਨਚੰਦਾ, ਧਰਮਿੰਦਰ ਸਿੰਘ, ਮੁਖਤਿਆਰ ਸਿੰਘ, ਗਗਨ, ਜਗਸੀਰ ਸਿੰਘ, ਪ੍ਰਦੀਪ ਨੋਹਰੀਆ, ਚਰਨਪ੍ਰੀਤ ਸਿੰਘ ਪ੍ਰਧਾਨ, ਗੁਰਪ੍ਰੀਤ ਸਿੰਘ ਚਾਹਲ, ਜਗਮੋਹਨ ਸਿੰਘ, ਇਕਬਾਲ ਸਿੰਘ, ਸੋਨੀ ਧਾਲੀਵਾਲ, ਡਾ. ਲਖਵੀਰ ਸਿੰਘ, ਗੁਰਮੇਲ ਸਿੰਘ, ਰਵੀ ਮੋੜ ਤੇ ਹੋਰ ਸ਼ਾਮਲ ਸਨ।

ਕਰਤਾਰ ਚੀਮਾ ਨੇ ਹੁਸੈਨੀਵਾਲਾ ਬਾਰਡਰ ਦਾ ਦੌਰਾ ਕੀਤਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ): ਪੰਜਾਬੀ ਅਭਿਨੇਤਾ ਕਰਤਾਰ ਚੀਮਾ, ਜਿਸ ਦੀ ਪਹਿਲੀ ਵੈੱਬ ਸੀਰੀਜ਼ 500 ਮੀਟਰ 18 ਮਈ ਨੂੰ 'ਚੌਪਾਲ' ਓ.ਟੀ.ਟੀ. 'ਤੇ ਰਿਲੀਜ਼ ਹੋਈ ਸੀ, ਬੀਤੇ ਦਿਨ ਭਾਰਤ-ਪਾਕਿ ਗੀਟਰੀਟ ਸਮਾਰੋਹ ਵਿਚ ਸ਼ਾਮਲ ਹੋਣ ਲਈ ਫ਼ਿਰੋਜ਼ਪੁਰ ਦੇ ਹੁਸੈਨੀਵਾਲਾ ਬਾਰਡਰ 'ਤੇ ਗਏ ਸਨ। ਉਸ ਨੇ ਉੱਥੇ ਆਪਣੇ ਪ੍ਰਸ਼ੰਸਕਾਂ ਦਾ ਸਵਾਗਤ ਵੀ ਕੀਤਾ, ਉਨ੍ਹਾਂ ਨਾਲ ਸੈਲਫੀ ਲਈਆਂ ਤੇ ਚੌਪਾਲ 'ਤੇ ਰਿਲੀਜ਼ ਹੋਈ ਵੈੱਬ ਸੀਰੀਜ਼ 500 ਮੀਟਰ ਦੇਖਣ ਦੀ ਬੇਨਤੀ ਕੀਤੀ।ਵੈੱਬ ਸੀਰੀਜ਼ 500 ਮੀਟਰ ਇਕ ਸੱਚੀ ਘਟਨਾ 'ਤੇ ਅਧਾਰਤ ਹੈ।ਇਸ ਵਿੱਚ ਕਰਤਾਰ ਚੀਮਾ ਇੱਕ ਪੁਲਸ ਮੁਲਾਜ਼ਮ ਦੀ ਭੂਮਿਕਾ ਨਿਭਾਉਂਦੇ ਨਜ਼ਰ ਆ ਰਹੇ ਹਨ, ਜੋ ਪੰਜਾਬ ਵਿੱਚ ਇੱਕ ਬੱਚੇ ਦੇ ਅਗਵਾ ਅਤੇ ਕਤਲ ਦੇ ਮਾਮਲੇ ਦੀ ਜਾਂਚ ਕਰਦਾ ਹੈ।ਸਰਹੱਦੀ ਦੌਰੇ 'ਤੇ ਅਭਿਨੇਤਾ ਨੇ ਸਾਡੇ ਰਾਸ਼ਟਰੀ ਖੇਤਰਾਂ ਦੀ ਸੁਰੱਖਿਆ ਅਤੇ ਨਾਗਰਿਕਾਂ ਦੀ ਸੁਰੱਖਿਆ ਵਿਚ ਸੈਨਿਕਾਂ ਦੀ ਭੂਮਿਕਾ ਬਾਰੇ ਦੱਸਦਿਆਂ ਕਿਹਾ ਕਿ ਵੈੱਬ ਸੀਰੀਜ਼ ਵਿਚ ਮੇਰੀ ਭੂਮਿਕਾ ਇਕ ਪੁਲਸ ਵਾਲੇ ਦੀ ਹੈ, ਜੋ ਸੇਵਾ ਵਿਚ ਲੱਗੇ ਹਰੇਕ ਅਧਿਕਾਰੀ ਦੀ ਸ਼ਲਾਘਾ ਕਰਦਾ ਹੈ। ਮਾਨਵ ਸ਼ਾਹ ਦੁਆਰਾ ਨਿਰਦੇਸ਼ਤ ਇਸ ਵੈੱਬ ਸੀਰੀਜ਼ ਨੂੰ ਗੁਰਪ੍ਰੀਤ ਭੁੱਲਰ ਨੇ ਲਿਖਿਆ ਹੈ। ਕਰਤਾਰ ਚੀਮਾ ਦੇ ਨਾਲ ਰਾਹੁਲ ਜਾਂਗਰਾਲ, ਸੰਜੀਵ ਅੱਤਰੀ, ਮੋਹਨ ਕੰਬੋਜ, ਹਰਮਨ ਪਾਲ ਸਿੰਘ ਤੇ ਪਰਮਵੀਰ ਸਿੰਘ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ।ਵੈੱਬ ਸੀਰੀਜ਼ ਵਿੱਚ ਪੰਜ ਐਪੀਸੋਡ ਹਨ, ਜੋ ਨਾ ਸਿਰਫ਼ ਦਰਸ਼ਕਾਂ ਦਾ ਮਨੋਰੰਜਨ ਕਰਦੇ ਹਨ, ਸਗੋਂ ਉਹਨਾਂ ਨੂੰ ਜਾਗਰੂਕ ਹੋਣ ਲਈ ਵੀ ਪ੍ਰੇਰਤ ਕਰਦੇ ਹਨ।

ਕਾਤਰਾਂ

ਜੀ ਐੱਨ ਐੱਮ ਭਾਗ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ) ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਐਲਾਨੇ ਗਏ ਜੀ.ਐਨ.ਐਮ. ਭਾਗ ਤੀਜਾ ਦੇ ਨਤੀਜੇ 'ਚੋਂ ਦੀਪ ਇੰਸਟੀਟਿਊਟ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਨਤੀਜੇ 'ਚੋਂ ਰਮਨਦੀਪ ਕੌਰ ਪੁੱਤਰੀ ਗੁਰਨਾਮ ਸਿੰਘ ਨੇ ਪਹਿਲਾ, ਵਰਸ਼ਾ ਪੁੱਤਰੀ ਗਿਰੀ ਰਾਜ ਨੇ ਦੂਜਾ ਅਤੇ ਚਰਨਪ੍ਰੀਤ ਕੌਰ ਪੁੱਤਰੀ ਗੁਰਸੇਵਕ ਸਿੰਘ ਨੇ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਵਧੀਆ ਅੰਕਾਂ ਨਾਲ ਪ੍ਰੀਖਿਆ ਪਾਸ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਮਨਦੀਪ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਮੈਡਮ ਹਿਨਾ ਗੁਪਤਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਧੀਆ ਰਿਜ਼ਲਟ ਲਈ ਵਿਦਿਆਰਥੀਆਂ ਸਮੇਤ ਸਮੂਹ ਸਟਾਫ਼ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ।

ਠੰਢੇ-ਮਿੱਠੇ ਜਲ ਦੀ ਛਬੀਲ ਲਾਈ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਸ਼੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਪਿੰਡ ਚੰਗਾਲੀ ਜਦੀਦ ਸਮੂਹ ਨਗਰ ਨਿਵਾਸੀ ਸੰਗਤਾਂ ਤੇ ਐੱਨਆਰਆਈ ਵੀਰਾਂ ਵੱਲੋਂ ਪਿੰਡ ਚੰਗਾਲੀ ਜਦੀਦ ਵਿਖੇ ਠੰਢੇ-ਮਿੱਠੇ ਜਲ ਦੀ ਛਬੀਲ ਲਾਈ ਗਈ ਤੇ ਨੌਜਵਾਨ, ਬਜ਼ੁਰਗ, ਬੱਚਿਆਂ ਵੱਲੋਂ ਬੇਅੰਤ ਸੇਵਾ ਕਰ ਕੇ ਲਾਹਾ ਪ੍ਰਾਪਤ ਕੀਤਾ।ਪਿੰਡ ਚੰਗਾਲੀ ਜਦੀਦ ਦੇ ਮੁੱਖ ਗ੍ਰੰਥੀ ਬਾਬਾ ਬਲਕਾਰ ਸਿੰਘ, ਬਾਬਾ ਰਣਜੀਤ ਸਿੰਘ ਖਾਲਸਾ ਨੇ ਸੰਗਤਾਂ ਨੂੰ ਸ਼੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਜੀਵਨ ਪ੍ਰਤੀ ਚਾਨਣਾ ਪਾਇਆ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅੰਮ੍ਰਿਤ ਪਾਨ ਕਰ ਕੇ ਗੁਰੂ ਵਾਲੇ ਬਣ ਕੇ ਆਪਣੇ ਜੀਵਨ ਨੂੰ

page-6-25-(MAY)-2023-G-(BV).qxd 5/24/2023 10:11 PM Page 1

ਸਰਕਾਰ ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਮੁਲਾਜਮਾਂ ਦਾ ਰੰਹਿਦਾ ਬਕਾਇਆ ਤੁਰੰਤ ਦੇਵੇ : ਸੰਜੀਵ ਕੌਡਲ

ਕਾਲਾ ਸੰਘਿਆਂ (ਮਨਜੀਤ ਮਾਨ)ਜਲ ਸਪਲਾਈ ਸੈਨੀਟੇਸਨ ਮਸਟਰੋਲ ਇੰਪਲਾਈਜ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਅਤੇ ਜ਼ਿਲ੍ਹਾ ਜਲੰਧਰ ਪ੍ਰਧਾਨ ਸੰਜੀਵ ਕੌਡਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਕਿਉਂਕਿ ਅੱਜ ਪੰਜਾਬ ਸਰਕਾਰ ਵਲੋਂ ਸਰਕਾਰੀ ਮੁਲਾਜਮਾਂ ਨੂੰ ਜੁਲਾਈ 2015 ਤੋਂ ਦਿਸੰਬਰ 2015 ਤਕ ਦਾ 6% ਡੀ ਏ ਦਾ ਬਕਾਇਆ ਦੇਣ ਦਾ ਐਲਾਨ ਕਰ ਦਿੱਤਾ ਹੈ ਇਸ ਨਾਲ ਮੁਲਾਜਮਾਂ ਵਿੱਚ ਖੁਸ਼ੀ ਦੀ ਲਹਿਰ ਚੱਲ ਰਹੀ ਹੈ ਕੌਡਲ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਜਿਹੜੇ ਮੁਲਾਜਮ ਪੰਜਾਬ ਸਰਕਾਰ ਅਧੀਨ ਕੱਚੇ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਵੀ ਜਲਦੀ ਤੋਂ ਜਲਦੀ ਰੈਗੂਲਰ ਕਰ ਦਿੱਤਾ ਜਾਵੇ। ਵਾਟਰ ਸਪਲਾਈ ਸੈਨੀਟੇਸਨ ਮਹਿਕਮੇ ਵਿੱਚ ਜੋ ਵੀ ਪਾਣੀ ਦੇ ਬਿੱਲਾਂ ਦਾ ਪੈਸਾ ਜਮਾ ਹੁੰਦਾ ਸੀ ਉਸ ਨਾਲ ਮਹਿਕਮੇ ਅਧੀਨ ਚਲਦਿਆਂ ਪਾਣੀ ਵਾਲੀਆਂ ਟੈਂਕੀਆਂ ਦੇ ਰਿਪੇਅਰ ਦਾ ਕੰਮ ਚਲਦਾ ਸੀ ਪਰ ਹੁਣ ਪਿਛਲੇ ਇਕ ਮਹੀਨੇ ਤੋਂ ਸਰਕਾਰ ਵਲੋਂ ਬਿੱਲਾਂ ਦਾ ਸਾਰਾ ਪੈਸਾ ਸਰਕਾਰੀ ਖਜਾਨੇ ਵਿੱਚ ਜਮਾ ਕਰਵਾਉਣ ਦੇ ਆਰਡਰ ਜਾਰੀ ਕੀਤੇ ਹਨ ਜਿਸ ਨਾਲ ਹੁਣ ਪਾਣੀ ਦੀ ਸਪਲਾਈ ਚਲਾਉਣ ਵਿੱਚ ਮੁਸ਼ਕਿਲ ਆ ਰਹੀ ਹੈ ਕਿਉਂਕਿ ਰਿਪੇਅਰ ਲਈ ਮਹਿਕਮੇ ਕੋਲ ਪੈਸੇ ਨਹੀਂ ਹਨ ਇਸ ਲਈ ਜਥੇਬੰਦੀ ਮੰਗ ਕਰਦੀ ਹੈ ਕਿ ਬਿੱਲਾਂ ਦੇ ਪੈਸੇ ਸਰਕਾਰੀ ਖਜਾਨੇ ਵਿੱਚ ਜਮ੍ਹਾ ਕਰਵਾਉਣ ਦੇ ਆਰਡਰ ਵਾਪਿਸ ਲਏ ਜਾਣ ਤਾਂ ਜੋ ਪਾਣੀ ਦੀ ਸਪਲਾਈ ਠੀਕ ਢੰਗ ਨਾਲ ਚਲ ਸਕੇ ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਰੂਪ ਨਗਰ

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਕਮਲਜੀਤ ਸਿੰਘ ਪੁੱਤਰ ਨਰੰਜਣ ਸਿੰਘ ਵਾਸੀਆਨ ਖੈਰਾਬਾਦ, ਹਾਲ ਅਬਾਦ, ਮਕਾਨ ਨੰ. 459, ਸੈਕਟਰ 35-ਏ, ਚੰਡੀਗੜ੍ਹ।

ਧਿਰਾਂ

(1) ਚਰਨ ਕੌਰ ਪੁੱਤਰੀ ਤੇਜ ਕੌਰ ਵਿਧਵਾ ਰਾਮ ਸਿੰਘ ਵਾਸੀ ਪਿੰਡ ਖੈਰਾਬਾਦ, ਤਹਿਸੀਲ ਵਾ ਜ਼ਿਲ੍ਹਾ ਰੂਪਨਗਰ। .. ਉਤਰਵਾਦੀਆਨ

ਉਕਤ ਉਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਖੈਰਾਬਾਦ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ, ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂ-ਬ-ਰੂ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ ।

ਸਹੀ/- ਸਹਾਇਕ ਕੁਲੈਕਟਰ, ਦਰਜਾ ਪਹਿਲਾ (ਤਹਿਸੀਲਦਾਰ), ਰੂਪਨਗਰ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਰੂਪ ਨਗਰ

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਕਮਲਜੀਤ ਸਿੰਘ ਪੁੱਤਰ ਨਰੰਜਣ ਸਿੰਘ ਵਾਸੀਆਨ ਖੈਰਾਬਾਦ, ਹਾਲ ਅਬਾਦ, ਮਕਾਨ ਨੰ. 459, ਸੈਕਟਰ 35-ਏ, ਚੰਡੀਗੜ੍ਹ।

ਧਿਰਾਂ

(1) ਹਰਦੇਵ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਮਣਸਾ ਸਿੰਘ (2) ਗੁਰਮੇਲ ਸਿੰਘ ਪੁੱਤਰ ਬਦਨ ਸਿੰਘ ਪੁੱਤਰ ਜੀਵਾ ਸਿੰਘ (3) ਨਸੀਬ ਕੌਰ ਪਤਨੀ ਸੰਤੋਖ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀਆਨ ਪਿੰਡ ਖੈਰਾਬਾਦ, ਤਹਿਸੀਲ ਵਾ ਜ਼ਿਲ੍ਹਾ ਰੂਪ ਨਗਰ। (4) ਗੁਰਦੇਵ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਧਰਮ ਸਿੰਘ ਵਾਸੀਆਨ ਪਿੰਡ ਦੇਸੂ ਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ .... ਉਤਰਵਾਦੀਆਨ

ਉਕਤ ਉਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਖੈਰਾਬਾਦ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ, ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂ-ਬ-ਰੂ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ ।

ਸਹੀ/- ਸਹਾਇਕ ਕੁਲੈਕਟਰ, ਦਰਜਾ ਪਹਿਲਾ (ਤਹਿਸੀਲਦਾਰ), ਰੂਪਨਗਰ।

Public Notice

This is to be put to notice that on behalf of my client Aadhar Housing Finance Ltd (AHFL) following Public Notice for loss of original document may be publish by the company/owner.

"I Gudiya Devi W/o Sunil Singh is owner in possession of Property/House measuring 4 Marlas-162 sqfts i.e. 25'x50'=1250 sqfts (1 Marla=272 sqfts) situated in Vill. Gadaipur Tehsil & Distt. Jalandhar comprised in Khasra No. 18//3/3, 4/2, 5/2, 6/1, 6/2, 6/3, 7, 8, 13/1, 14/1, 15/1, 19//1/2, 2/2, 2/3, 9, 10, 11/1 vide sale deed no. 2019-20/187/1/10150 dt. 11.3.2020. The previous chain documents i.e. the Original Sale deed No. 1147 dt. 25.5.2015, Original Sale deed no. 1793 dt. 9.6.2011, Original Sale deed No. 3409 dt. 17.8.2010 have been lost/missing & is not traceable and owners are intending to lodge/register DDR/Lost information report in respect to loss of above said document to police. If any concern, Bank or any person having any claim, objection related to the above transactions/document and any objection regarding mortgage of said property with AHFL, he/she may raise objection to AHFL, PUDA Complex, Court Road, Opposite D.C. Office, Jalandhar-144001, within 7 days from the date of publication, failing which no claim will be entertained later by AHFL."

Note : The above said fact and notice has been drafted under the specific instructions of (AHFL) and our office/undersigned does not authenticate any of contents mentioned above.

Akhil Chopra
Advocate New Courts Jalandhar

Court Notice

In the Court of Sh. Rajinder Singh Nagpal
Addl. Civil Judge (Senior Division), Samana.
CNR No. PBPTC0-000860-2018
Next Date : 29.5.2023
M/S Guru Nanak Trading Company
Versus
M/S P.L. Jain Flour

Publication issued to : M/S P.L. Jain Flour through its Partner Deepak Jain S/o Sh. Bhupinder Kumar Jain and Rohit Jain S/o Sh. Bhupinder Kumar Jain and Harish Jain S/o Sh. Bhupinder Kumar Jain all R/o Jain Mohalla Samana, Tehsil Samana, Distt. Patiala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 29.5.2023 at 10.00 a.m.

For details logon to : https://highcourtchd.gov.in/?trs=district notice& district= Patiala

Addl. Civil Judge (Senior Division), Samana
Dated, this day of 22.5.2023

ਈ-ਨਿਲਾਮੀ ਨੋਟਿਸ (ਸ਼ਾਰਟ-ਸਰਕਟ ਨਾਲ ਪ੍ਰਭਾਵਿਤ ਟਰਾਂਸਫਾਰਮਰ ਦੀਆਂ ਤਾਂਬੇ ਦੀਆਂ ਤਾਰਾਂ ਦਾ ਕਬਾੜ)

ਮੈਸ: ਮਾਧਵ ਕੇ ਆਰ ਜੀ ਲਿਮ: ਦੀਆਂ ਪਿੰਡ ਅਕਾਲਗੜ੍ਹ, ਅਮਲੋਹ ਰੋਡ, ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ-147203 ਵਿਖੇ ਪਈਆਂ ਸ਼ਾਰਟ ਸਰਕਟ ਨਾਲ ਪ੍ਰਭਾਵਿਤ ਟਰਾਂਸਫਾਰਮਰ ਦੀਆਂ ਤਾਂਬੇ ਦੀਆਂ ਤਾਰਾਂ ਦੀ ਪ੍ਰਸਤਾਵਿਤ ਸਮੱਗਰੀ/ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਸਖਤੀ ਨਾਲ 'ਜਿਵੇਂ ਹੈ ਜਿੱਥੇ ਹੈ' ਦੇ ਆਧਾਰ 'ਤੇ ਚਾਹਵਾਨ ਖਰੀਦਦਾਰਾਂ ਵੱਲੋਂ ਈ-ਨਿਲਾਮੀ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਸਤਾਵਿਤ ਮਾਲ ਦਾ ਨਿਰੀਖਣ ਸ੍ਰੀ ਅਮਰਪ੍ਰੀਤ ਸਿੰਘ-8427684715 ਤੋਂ ਅਗਾਊਂ ਨਿਯੁਕਤੀ ਲੈ ਕੇ 25.5.2023 ਤੋਂ 31.5.2023 ਤੱਕ ਕੀਤਾ ਜਾ ਸਕਦਾ ਹੈ। ਉਪਰੋਕਤ 1.6.2023 ਨੂੰ ਹੋਣ ਵਾਲੀ ਈ-ਨਿਲਾਮੀ 'ਚ ਹਿੱਸਾ ਲੈਣ ਵਾਸਤੇ ਕ੍ਰਿਪਾ ਕਰਕੇ ਕੁਮਾਰੀ ਸਾਜਿਦਾ ਬੇਗ-81780-27913,

ਸਾਲਵੇਜ ਸੈਟਲਰਜ਼ ਪ੍ਰਾਈਵੇਟ ਲਿਮ: (ਨਿਲਾਮੀਕਾਰ) ਔਫ ਔਫ-20 ਅਤੇ 22 ਪਰਲ ਓਮੇਕਸ, ਨੇਤਾ ਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ-110034 ਨਾਲ ਸੰਪਰਕ ਕੀਤਾ ਜਾਵੇ, ਜਾਂ ਵੈੱਬਸਾਈਟ www.SalvageSettlers.com. ਤੋਂ ਡਾਊਨਲੋਡ ਕੀਤਾ ਜਾਵੇ। ਈ-ਨਿਲਾਮੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 1.6.2023 ਦੁਪਹਿਰ 12.00 ਵਜੇ ਤੋਂ ਪਹਿਲਾਂ ਹੈ।

Court Notice

In the Court of Sh. Rajinder Singh Nagpal
Addl. Civil Judge (Senior Division), Samana.
CNR No. PBPTC0-001903-2022
Next Date : 31.5.2023
Thiya Sachdeva
Versus
General Public

Publication issued to : General Public, Patran

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.5.2023 at 10.00 a.m.

For details logon to : https://highcourtchd.gov.in/?trs=district notice& district= Patiala

Addl. Civil Judge (Senior Division), Samana
Dated, this day of 24.5.2023

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਰੂਪ ਨਗਰ

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਕਮਲਜੀਤ ਸਿੰਘ ਪੁੱਤਰ ਨਰੰਜਣ ਸਿੰਘ ਵਾਸੀਆਨ ਖੈਰਾਬਾਦ, ਹਾਲ ਅਬਾਦ, ਮਕਾਨ ਨੰ. 459, ਸੈਕਟਰ 35-ਏ, ਚੰਡੀਗੜ੍ਹ।

ਧਿਰਾਂ

(1) ਨਸੀਬ ਕੌਰ ਪਤਨੀ ਸੰਤੋਖ ਸਿੰਘ ਪੁੱਤਰ ਜੋਗਿੰਦਰ ਸਿੰਘ (2) ਗੁਰਮੇਲ ਸਿੰਘ ਪੁੱਤਰ ਬਦਨ ਸਿੰਘ ਪੁੱਤਰ ਜੀਵਾ ਸਿੰਘ ਵਾਸੀਆਨ ਪਿੰਡ ਖੈਰਾਬਾਦ, ਤਹਿਸੀਲ ਵਾ ਜ਼ਿਲ੍ਹਾ ਰੂਪਨਗਰ। (3) ਗੁਰਦੇਵ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਧਰਮ ਸਿੰਘ (4) ਗੁਰਸੇਵਕ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਧਰਮ ਸਿੰਘ ਵਾਸੀਆਨ ਪਿੰਡ ਦੇਸੂ ਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ। ...

ਉਤਰਵਾਦੀਆਨ

ਉਕਤ ਉਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਖੈਰਾਬਾਦ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ, ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂ-ਬ-ਰੂ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ ।

ਸਹੀ/- ਸਹਾਇਕ ਕੁਲੈਕਟਰ, ਦਰਜਾ ਪਹਿਲਾ (ਤਹਿਸੀਲਦਾਰ), ਰੂਪਨਗਰ।

Change of Name

I, Kanika Manthra W/o Akil Dhir R/o Khothran Road, Opp Basra Palace Amar Nagar, Phagwara, Kapurthala-144401, Punjab have changed my name from Kanika Manthra to Kanika Dhir, after Marriage. All Please Note.

I, Naresh Kumar Luthra S/o Dewan Chand R/o H.No.EE-54, Bagh Karam Baksh, Jalandhar-144001, Punjab have changed my name from Naresh Kumar Luthra to Naresh Kumar Luther. All Please Note.

I, Kiran Luthra W/o Naresh Kumar Luther R/o H.No.EE-54, Bagh Karam Baksh, Jalandhar-144001, Punjab have changed my name from Kiran Luthra to Kiran Luther. All Please Note.

I, Love Luthra S/o Naresh Kumar Luther R/o H.No.EE-54, Bagh Karam Baksh, Jalandhar- 144001, Punjab have changed my name from Love Luthra to Love Luther. All Please Note.

I, Rubina Verma D/o Arun Verma & W/o Love Luther R/o H.No.EE-54, Bagh Karam Baksh, Jalandhar-144001, Punjab have changed my name from after marriage Rubina Verma to Rubina Luther. All Please Note.

I, Hardeep S/o Amarjit Singh R/o Ashok Vihar Colony, Near Shah Fateh Ali Gurudawara, Nurmahal, Jalandhar -144039, Punjab wants to mention that I have added surname in my name to Hardeep Singh (Singh as surname) All Please Note.

I, Roopa Bala Alias Roopa Rani D/o Pritam Singh R/o H.No. 8/49/2, Chaggran Mohalla, Banga, Distt. SBS Nagar, Punjab have changed my name to Roopa Bala. All Please Note.

I, Gurdeep Singh Alias Ricky S/o Jagmohan Singh R/o H.No. 17, S.A.S Nagar Extension, Jalandhar, Punjab have changed my name to Gurdeep Singh. All Please Note.

I, Shivani W/o Davinder Kumar Rekhi R/o H.No. 88/4, Ladowali Road, Preet Nagar, Jalandhar-144001, Punjab have changed my name from Shivani to Shivani Rekhi, after marriage. (Surname as Rekhi) All Please Note.

I, Jasvir Kaur w/o Lakhwinder Singh r/o Vill. Daburji, Po. Miani, Tehsil Dasuya, Distt. Hoshiarpur, Punjab-144305 have changed my name as Jasveer Kaur. All Please Note.

I, Kiran d/o Jaswinder Singh w/o James Paul r/o Vill.Bara Pind, Distt.Jalandhar-144801, Punjab Changed my name to Kiran Paul, after marriage. All Please Note.

I, Jasminder Kaur Sandhu w/o Harbir Singh r/o Village Wadala, Tehsil & Distt. Jalandhar have changed my name from Jasminder Kaur Sandhu to Jasminder Kaur. All Please Note.

I, Rajesh s/o Madan Lal Khosla r/o H.No. 514/13, Krishna Nagar, Near Bolina Gas Agency, Jalandhar have changed my name from Rajesh to Rajesh Khosla. All Please Note.

I, Chanu w/o Vinay Komal r/o H.No. 63, Tower Enclave, Phase-2, Jalandhar, Punjab have added my surname from Chanu to Chanu Parcha. All Please Note.

I, Yaman s/o Bhagwan Dass r/o H.No. 36-B, Daulat Puri, Jalandhar-I, Punjab-144001 have changed my name to Yaman Parashar. All Please Note.

ਸ੍ਰੀ ਚਮਕੌਰ ਸਾਹਿਬ ਵਿਖੇ ਮੈਗਾ ਪਲੇਸਮੈਂਟ ਕੈਂਪ ਭਲਕੇ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਲੋੜਵੰਦ ਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਦਿਨ ਸ਼ੁੱਕਰਵਾਰ ਨੂੰ ਸਿਟੀ ਸੈਂਟਰ ਸ੍ਰੀ ਚਮਕੌਰ ਸਾਹਿਬ ਵਿਖੇ ਸਵੇਰੇ 09:00 ਵਜੇ ਤੋਂ 12:00 ਵਜੇ ਤੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 10 ਪ੍ਰਾਈਵੇਟ ਕੰਪਨੀਆਂ ਚੀਮਾ ਬੁਆਇਲਰਜ਼, ਆਈ.ਸੀ.ਆਈ.ਸੀ.ਆਈ ਬੈਂਕ, ਐਕਸਿਸ ਬੈਂਕ, ਏਜ਼ਾਈਲ ਹਰਬਲ, ਯੂਨੀਵਰਸਲ ਇੰਟਰਨੈਸ਼ਨਲ, ਆਈ.ਸੀ.ਆਈ.ਸੀ ਫਾਊਂਡੇਸ਼ਨ, ਸਟਾਰ ਹੈੱਲਥ ਇੰਸ਼ੋਰੈਂਸ, ਐਲ.ਆਈ.ਸੀ, ਮਾਈਕਰੋ ਟਰਨਰ ਅਤੇ ਐਸ.ਬੀ.ਆਈ ਲਾਈਫ ਇੰਸ਼ੋਰੈਂਸ ਆਦਿ ਵੱਲੋਂ ਵੱਖ-ਵੱਖ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਉਕਤ ਕੰਪਨੀਆਂ ਵਲੋਂ ਵੈਲਡਰ, ਫਿਟਰ, ਇਲੈਕਟ੍ਰੀਸ਼ਨ, ਪੇਂਟਰ, ਟਰਨਰ, ਰਿਲੇਸ਼ਨਸ਼ਿਪ ਮੈਨੇਜਰ, ਸੇਲਜ਼ ਅਫਸਰ, ਇੰਸ਼ੋਰੈਂਸ ਅਡਵਾਈਜ਼ਰ, ਮੈਨੇਜਰ, ਸਹਾਇਕ ਮੈਨੇਜਰ, ਰੂਰਲ ਕਰੀਅਰ ਏਜੰਟ ਅਤੇ ਵੌਲਨੈਂਸ ਅਡਵਾਈਜ਼ਰ ਆਦਿ ਅਸਾਮੀਆਂ ਦੀ ਭਰਤੀ ਲਈ ਇੰਟਰਵਿਊ ਲਈ ਜਾਵੇਗੀ। ਇਸ ਕੈਂਪ ਵਿੱਚ 18 ਤੋਂ 35 ਸਾਲ ਦੀ ਉਮਰ ਸੀਮਾ ਵਾਲੇ ਅੱਠਵੀਂ ਤੋਂ ਗ੍ਰੈਜੂਏਟ ਪਾਸ, ਆਈ.ਟੀ.ਆਈ, ਡਿਪਲੋਮਾ ਹੋਲਡਰ ਆਦਿ ਵਿੱਦਿਅਕ ਯੋਗਤਾ ਰੱਖਣ ਵਾਲੇ ਨੌਕਰੀ ਦੇ ਚਾਹਵਾਨ ਲੜਕੇ ਅਤੇ ਲੜਕੀਆਂ ਦੋਨੋਂ ਭਾਗ ਲੈ ਸਕਦੇ ਹਨ।

ਮਿੰਨੀ ਬੱਸ ਮਾਲਕਾਂ ਨੇ ਘੱਟੋ ਘੱਟ ਕਿਰਾਇਆ 20 ਰੁਪਏ ਕੀਤਾ

ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆਂ)-ਮਿੰਨੀ ਬੱਸ ਅਪ੍ਰੇਟਰਾਂ ਨੇ ਮੀਟਿੰਗ ਕਰਕੇ ਲੋਕਲ ਕਿਰਾਇਆ 20 ਰੁਪਏ ਕਰ ਦਿੱਤਾ ਹੈ। ਇਹ ਫੈਸਲਾ ਸਥਾਨਕ ਬੱਸ ਅੱਡੇ 'ਤੇ ਸਤਨਾਮ ਸਿੰਘ ਸੱਤਾ ਦੀ ਪ੍ਰਧਾਨਗੀ ਹੇਠ ਹੋਈ ਮਿੰਨੀ ਬੱਸ ਅਪ੍ਰੇਟਰਾਂ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਕੀਤਾ ਗਿਆ। ਸਤਨਾਮ ਸਿੰਘ ਨੇ ਦੱਸਿਆ ਕਿ ਮਿੰਨੀ ਬੱਸ ਅਪ੍ਰੇਟਰਾਂ ਨੂੰ ਇਸ ਤੋਂ ਘੱਟ ਕਿਰਾਇਆ ਨਹੀਂ ਪੁੱਗਦਾ ਕਿਉਂਕਿ ਡੀਜਲ ਦੀਆਂ ਕੀਮਤਾਂ ਅਸਮਾਨ ਛੂਹ ਚੁੱਕੀਆਂ ਹਨ । ਮੀਟਿੰਗ ਵਿੱਚ ਜੀਤ ਪਾਲ ਬੱਸ ਮਾਲਕ, ਮਾਨ ਬੱਸ, ਸੰਘਾ ਬੱਸ ਸਰਵਿਸ, ਅਮਨ ਬੱਸ ਸਰਵਿਸ, ਹਰਜੀਤ ਬੱਸ ਸਰਵਿਸ, ਸੁਖਮਨੀ ਬੱਸ ਸਰਵਿਸ, ਜਾਡਲਾ ਕੋਚ ਬੱਸ ਸਰਵਿਸ ਦੇ ਨੁਮਾਇੰਦੇ ਸ਼ਾਮਲ ਹੋਏ।

ਈ-ਕਾਮਰਸ ਮਾਰਕੀਟਪਲੇਸ ਮੀਸ਼ੋ

25-MAY-PAGE-7.qxd 5/24/2023 10:02 PM Page 1

ਸਰਕਾਰੀ ਪ੍ਰਾਇਮਰੀ ਸਕੂਲ ਨੂਰੇਕੇ 'ਚ ਦੁਪਹਿਰ ਵੇਲੇ ਚੋਰਾਂ ਨੇ ਬੋਲਿਆ ਧਾਵਾ

ਕਬਾੜੀਏ ਤੇ ਚੋਰ ਨੂੰ ਪੁਲਸ ਨੇ ਕੀਤਾ ਕਾਬੂ

ਜਲਾਲਾਬਾਦ, (ਜੀਤ ਕੁਮਾਰ) ਇਲਾਕੇ ਵਿੱਚ ਚੋਰੀ ਦੀਆਂ ਵਰਦਾਤਾਂ ਆਏ ਦਿਨ ਵਧ ਰਹੀਆਂ ਹਨ, ਜੋ ਲੋਕਾਂ ਲਈ ਮੁਸੀਬਤ ਬਣੀਆਂ ਹੋਈਆਂ ਹਨ। ਲੋਕ ਆਪਣੇ ਘਰਾਂ ਵਿੱਚ ਵੀ ਪਏ ਸਮਾਨ ਨੂੰ ਬਚਾਉਣਾ ਔਖਾ ਹੋ ਕੇ ਰਹਿ ਗਿਆ ਹੈ, ਕਿਉਂਕਿ ਦਿਨ-ਦਿਹਾੜੇ ਚੋਰੀ ਦੀਆਂ ਵਰਦਾਤਾਂ ਹੋ ਰਹੀਆਂ ਹਨ। ਇਸੇ ਤਰ੍ਹਾਂ ਹੀ ਛੁੱਟੀ ਵਾਲੇ ਦਿਨ ਸਰਕਾਰੀ ਪ੍ਰਾਇਮਰੀ ਸਕੂਲ ਨੂਰੇਕੇ ਵਿੱਚੋਂ ਦੁਪਹਿਰ ਵੇਲੇ ਚੋਰਾਂ ਵਲੋਂ ਪ੍ਰੋਜੈਕਟਰ, ਇਕ ਛੱਤ ਵਾਲਾ ਪੱਖਾ ਤੇ ਅਲਮਾਰੀਆਂ ਦਾ ਸਮਾਨ ਚੋਰੀ ਕੀਤਾ ਗਿਆ ਹੈ। ਸਕੂਲ ਦੇ ਮੁੱਖ ਅਧਿਆਪਕ ਜੁਗਿੰਦਰ ਪਾਲ ਨੇ ਦੱਸਿਆ ਕਿ ਸਕੂਲ 'ਚ ਛੁੱਟੀ ਹੋਣ ਕਾਰਨ ਉਹ ਫ਼ਿਰੋਜ਼ਪੁਰ ਆਪਣੇ ਘਰੇਲੂ ਕੰਮਕਾਜ ਲਈ ਗਿਆ ਸੀ ਅਤੇ ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਉਸ ਨੂੰ ਸਕੂਲ ਦੇ ਗੇਟ ਦੇ ਸਾਹਮਣੇ ਕਿਸਾਨ ਕੁਲਵੰਤ ਸਿੰਘ ਆਪਣੇ ਖੇਤ ਵਿੱਚ ਮੋਟਰ ਬੰਦ ਕਰਨ ਲਈ ਆਇਆ ਸੀ, ਉਸ ਨੇ ਦੱਸਿਆ ਕਿ ਸਕੂਲ ਵਿਚੋਂ ਚੋਰੀ ਹੋ ਗਈ ਹੈ। ਜਿਸ ਤੋਂ ਬਾਅਦ ਉਹ ਸਕੂਲ ਪੁੱਜੇ ਅਤੇ ਦੇਖਿਆ ਤਾਂ ਸਕੂਲ ਵਿਚੋਂ ਪ੍ਰੋਜੈਕਟਰ, 1 ਛੱਤ ਵਾਲਾ ਪੱਖਾ, ਅਲਮਾਰੀਆਂ ਦੇ ਸਰੀਏ ਅਤੇ ਹੋਰ ਸਮਾਨ ਗਾਇਬ ਸੀ ਅਤੇ ਸਕੂਲ ਦਾ 80-90 ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ ਹੈ। ਮੁੱਖ ਅਧਿਆਪਕ ਨੇ ਔਰੋਂ ਦੱਸਿਆ ਕਿ ਇਸਦੇ ਪਹਿਲਾਂ ਵੀ ਇਸੇ ਸਕੂਲ ਵਿਚੋਂ 4 ਵਾਰੀ ਚੋਰੀ ਹੋ ਚੁੱਕੀ ਹੈ, ਜਿਸਦੀ ਸੂਚਨਾ ਸਬੰਧਤ ਥਾਣੇ ਦੀ ਪੁਲਸ ਕੋਲ ਦਿੱਤੀ ਹੋਈ ਹੈ। ਅੱਜ ਫਿਰ ਸਕੂਲ ਵਿਚੋਂ ਚੋਰੀ ਹੋਣ ਬਾਅਦ ਪਿੰਡ ਨੂਰੇਕੇ ਦੇ ਨਿਵਾਸੀਆਂ ਦੇ ਸਹਿਯੋਗ ਨਾਲ ਉਹ ਚੋਰਾਂ ਦੀ ਭਾਲ ਕਰਨ ਵਿੱਚ ਜੁਟ ਗਏ ਅਤੇ ਚੋਰਾਂ ਦੀ ਭਾਲ ਕਰਦੇ ਹੋਏ ਜਦੋਂ ਪਿੰਡ ਚੱਕ ਅਰਾਈਆਂਵਾਲਾ ਉਰਫ ਫ਼ਲੀਆਂਵਾਲਾ ਵਿਖੇ ਇਕ ਕਬਾੜੀਏ ਦੀ ਦੁਕਾਨ 'ਤੇ ਪੁੱਜੇ ਤਾਂ ਇੱਕ ਮੋਟਰ ਸਾਇਕਲ ਟਰਾਲੀ 'ਤੇ ਕਬਾੜ ਵੇਚਣ ਲੱਗੇ ਚੋਰਾਂ ਵਿਚੋਂ ਇਕ ਵਿਅਕਤੀ ਨੂੰ ਕਾਬੂ ਕਰ ਲਿਆ, ਜਦਕਿ ਬਾਕੀ ਦੇ ਵਿਅਕਤੀ ਮੌਕੇ ਤੋਂ ਫਰਾਰ ਹੋ ਗਏ। ਇਸ ਵਿਅਕਤੀ ਪਾਸੋਂ ਮੌਕੇ 'ਤੇ ਅੱਜ ਹੀ ਸਕੂਲ ਵਿਚੋਂ ਚੋਰੀ ਕੀਤੇ ਪ੍ਰੋਜੈਕਟਰ ਤੇ ਹੋਰ ਸਮਾਨ ਮੌਕੇ ਤੇ ਕਬਾੜੀਏ ਦੀ ਦੁਕਾਨ ਤੋਂ ਬਰਾਮਦ ਕਰ ਲਿਆ, ਜਿਸਦੇ ਤੁਰੰਤ ਬਾਅਦ ਇਨ੍ਹਾਂ ਚੋਰਾਂ ਦੀ ਸੂਚਨਾ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੂੰ ਦੇ ਦਿੱਤੀ ਗਈ, ਜਿਸ 'ਤੇ ਪੁਲਸ ਕਰਮਚਾਰੀ ਮੌਕੇ 'ਤੇ ਪੁੱਜੇ ਅਤੇ ਸਕੂਲ ਵਿੱਚੋਂ ਚੋਰੀ ਕੀਤੇ ਸਮਾਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ, ਇਸ ਦੇ ਨਾਲ ਹੀ ਚੋਰੀ ਕਰਨ ਵਾਲੇ ਇਕ ਵਿਅਕਤੀ ਦੇ ਨਾਲ ਨਾਲ ਕਬਾੜੀਏ ਨੂੰ ਵੀ ਪੁਲਸ ਨੇ ਆਪਣੀ ਹਿਰਾਸਤ ਵਿਚ ਲੈ ਲਿਆ ਹੈ। ਡੀ.ਐਸ.ਪੀ. ਅਤੁਲ ਸੋਨੀ ਨੇ ਦੱਸਿਆ ਕਿ ਇਸ ਚੋਰੀ ਦੇ ਬਾਰੇ ਪੜਤਾਲ ਕੀਤੀ ਜਾ ਰਹੀ ਹੈ ਅਤੇ ਕਬਾੜੀਏ ਸਮੇਤ ਕਾਬੂ ਕੀਤੇ ਗਏ ਵਿਅਕਤੀਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

30 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਦੇ ਬੈਡਮਿੰਟਨ ਮੁਕਾਬਲੇ ਕਰਾਏ

ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਬੈਡਮਿੰਟਨ ਅਕੈਡਮੀ ਪਟਿਆਲਾ ਦੇ ਵਿਹੜੇ 'ਚ 30 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਦੇ ਬੈਡਮਿੰਟਨ ਮੈਚ ਕਰਾਏ ਗਏ। ਇਹ ਬੈਡਮਿੰਟਨ ਮੈਚ ਬੈਡਮਿੰਟਨ ਅਕੈਡਮੀ ਪਟਿਆਲਾ ਦੇ ਸਾਬਕਾ ਨੈਸ਼ਨਲ ਖਿਡਾਰੀ ਕਰਨਲ ਸੁਨੀਸ਼ ਅਰੋੜਾ ਦੀ ਅਗਵਾਈ ਹੇਠ ਕਰਾਏ ਗਏ। ਇਨ੍ਹਾਂ ਮੈਚਾਂ ਵਿੱਚ ਕੁੱਲ 12 ਟੀਮਾਂ ਨੇ ਭਾਗ ਲਿਆ ਅਤੇ ਡਬਲ ਸਿੰਗਲਜ ਵਿੱਚ 23 ਮੈਚ ਖੇਡੇ ਗਏ, ਜਿਸ ਵਿੱਚ ਬੈਡਮੈਂਟਨ ਕਲੱਬ ਸਮਾਣਾ ਨੇ 12 ਮੈਚ ਤੇ ਪਟਿਆਲਾ ਨੇ 11 ਮੈਚ ਜਿੱਤੇ। ਇਨ੍ਹਾਂ ਮੁਕਾਬਲਿਆਂ ਵਿੱਚ ਪਟਿਆਲਾ ਅਤੇ ਸਮਾਣਾ ਦੀਆਂ ਦੀਆਂ ਟੀਮਾਂ ਵਿੱਚ ਸਖਤ ਮੁਕਾਬਲੇ ਰਹੇ ਤੇ ਦੋਵਾਂ ਨੇ ਵਧੀਆ ਪ੍ਰਦਰਸ਼ਨ ਕੀਤਾ।

ਕਰਨਲ ਮਨੀਸ਼ ਅਰੋੜਾ ਨੇ ਕਿਹਾ ਕਿ ਬੈਡਮਿੰਟਨ ਨੂੰ ਮਹਿਜ ਬਾਜ਼ੀ ਨਾ ਸਮਝਿਆ ਜਾਵੇ। ਬੈਡਮਿੰਟਨ ਖੇਡਣਾ ਇੱਕ ਅਜਿਹੀ ਕਸਰਤ ਹੈ, ਜੋ ਸਾਡੇ ਸਰੀਰ ਵਿੱਚ ਜਮ੍ਹਾਂ ਹੋਈ ਚਰਬੀ ਨੂੰ ਖਤਮ ਕਰਨ ਦੇ ਨਾਲ-ਨਾਲ ਸਾਡੀਆਂ ਹੱਡੀਆਂ ਨੂੰ ਮਜਬੂਤ ਕਰਦੀ ਹੈ ਅਤੇ ਸਾਡੀਆਂ ਮਾਸਪੇਸ਼ੀਆਂ ਨੂੰ ਕਿਰਿਆਸ਼ੀਲ ਰੱਖਦੀ ਹੈ, ਜਿਸ ਨਾਲ ਸਾਡੇ ਸਰੀਰ ਨੂੰ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ।

ਇਸ ਮੌਕੇ ਨਿਤਿਨ ਗਰਗ, ਧੀਰਜ ਗੁਪਤਾ ਰਾਹੁਲ ਤਾਇਲ, ਰੋਹਿਤ ਮਿੱਤਲ, ਅਕੁਲ ਸੇਨ ਗੁਪਤਾ, ਪ੍ਰਿਆਸ ਗਰਗ, ਵਿਨੈ ਗੋਸਲ, ਕ੍ਰਿਸ਼ਨ ਗੋਗੀਆ, ਦਿਨੇਸ਼ ਜੈਨ, ਅਸੋਕ ਕੁਮਾਰ, ਵਿਜੇ ਟੁਟੇਜਾ, ਰਾਜਨ ਗੋਇਲ ਤੇ ਵਿਨੈ ਜੈਨ ਆਦਿ ਹਾਜ਼ਰ ਸਨ।

ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਦੇ ਅਜਲਾਸ ਦੌਰਾਨ ਅਹੁਦੇਦਾਰਾਂ ਦੀ ਚੋਣ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾਵਾਂ ਕ੍ਰਮਚਾਰੀ ਯੂਨੀਅਨ ਡਵੀਜ਼ਨ ਫ਼ਿਰੋਜ਼ਪੁਰ ਦਾ ਅਜਲਾਸ ਆਮ ਗੁਰਦੇਵ ਸਿੰਘ ਸਿੱਧੂ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਬੁਲਾਇਆ ਗਿਆ, ਜਿਸ ਵਿੱਚ ਡਵੀਜ਼ਨ ਫ਼ਿਰੋਜ਼ਪੁਰ ਨਾਲ ਸਬੰਧਤ ਸਟੇਟ ਕਮੇਟੀ ਦੇ ਅਹੁਦੇਦਾਰ, ਚੁਣੇ ਗਏ ਸਟੇਟ ਡੈਲੀਗੇਟ, ਸੱਤ ਜ਼ਿਲ੍ਹਿਆਂ ਦੇ ਪ੍ਰਧਾਨ ਅਤੇ ਜ਼ਿਲ੍ਹਾ ਕਮੇਟੀਆਂ, ਡਵੀਜ਼ਨ ਅਧੀਨ ਆਉਂਦੇ ਵੱਖ-ਵੱਖ ਬਲਾਕਾਂ ਦੇ ਪ੍ਰਧਾਨ ਅਤੇ ਬਲਾਕ ਕਮੇਟੀਆਂ ਡਵੀਜ਼ਨ ਅਧੀਨ ਆਉਂਦੀਆਂ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਕ੍ਰਮਚਾਰੀਆਂ ਵੱਲੋਂ ਭਾਗ ਲਿਆ ਗਿਆ।

ਮੀਟਿੰਗ ਵਿਚ ਵੱਖ-ਵੱਖ ਬੁਲਾਰਿਆ ਵੱਲੋਂ ਆਪਣੇ ਵਿਚਾਰ ਪੇਸ਼ ਕਰਦਿਆਂ ਖੇਤੀਬਾੜੀ ਸਭਾਵਾਂ ਵੀ ਵਿੱਤੀ ਹਾਲਤ ਵਿੱਚ ਆ ਰਹੇ ਨਿਘਾਰ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿਚ ਪੰਜਾਬ ਸਰਕਾਰ ਅਤੇ ਕੋਆਪ੍ਰੇਟਿਵ ਮਹਿਕਮੇ ਦੀ ਸਹਿਕਾਰੀ ਸਭਾਵਾਂ ਤੇ ਸਭਾਵਾਂ ਦੇ ਕਰਮਚਾਰੀਆਂ ਪ੍ਰਤੀ ਅਪਣਾਈ ਜਾ ਰਹੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਚੇਤਾਵਨੀ ਦਿੱਤੀ ਗਈ ਕਿ ਜੇਕਰ ਪੰਜਾਬ ਸਰਕਾਰ ਅਤੇ ਮਹਿਕਮੇ ਦਾ ਰਵੱਈਆ ਇਸ ਤਰ੍ਹਾਂ ਹੀ ਰਿਹਾ ਤਾਂ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਕ੍ਰਮਚਾਰੀ ਸਮੂਹਿਕ ਰੂਪ ਵਿੱਚ ਸੰਘਰਸ਼ ਦਾ ਰਾਹ ਅਪਨਾਉਣਗੇ, ਜਿਸ ਮੁਕੰਮਲ ਜ਼ਿੰਮੇਵਾਰੀ ਸਰਕਾਰ ਅਤੇ ਮਹਿਕਮੇ ਦੀ ਹੋਵੇਗੀ। ਇੱਕ ਮੰਗ ਪੱਤਰ ਸੰਯੁਕਤ ਰਜਿਟਰਾਰ ਸਹਿਕਾਰੀ ਸਭਾਵਾਂ ਫ਼ਿਰੋਜ਼ਪੁਰ ਨੂੰ ਸੌਂਪਿਆ ਗਿਆ।ਅਜਲਾਸ ਵੱਲੋਂ ਡਵੀਜ਼ਨ ਫ਼ਿਰੋਜ਼ਪੁਰ ਦੀ ਜੱਥੇਬੰਦੀ ਦੀ ਚੋਣ ਸਰਬਸੰਮਤੀ ਨਾਲ਼ ਕਰਾਈ ਗਈ, ਜਿਸ ਵਿਚ ਸਰਬਸੰਮਤੀ ਨਾਲ਼ ਜਗਦੀਪ ਸਿੰਘ ਫ਼ਾਜ਼ਿਲਕਾ ਪ੍ਰਧਾਨ, ਰਮਨਦੀਪ ਸਿੰਘ ਮਾਨਸਾ ਸੀਨੀਅਰ ਮੀਤ ਪ੍ਰਧਾਨ, ਗੁਰਮੀਤ ਸਿੰਘ ਦਾਤੇਵਾਲ ਮੋਗਾ ਜਨਰਲ ਸਕੱਤਰ, ਕੁਲਦੀਪ ਸਿੰਘ ਮੁਕਤਸਰ ਮੀਤ ਪ੍ਰਧਾਨ, ਸਰਤਾਜ ਸਿੰਘ ਫਿਰੋਜ਼ਪੁਰ ਮੀਤ ਪ੍ਰਧਾਨ, ਯਾਦਵਿੰਦਰ ਸਿੰਘ ਫਰੀਦਕੋਟ ਕੈਸ਼ੀਅਰ, ਭੁਪਿੰਦਰ ਸਿੰਘ ਬਠਿੰਡਾ ਮੁੱਖ ਬੁਲਾਰਾ, ਬਲਜਿੰਦਰ ਸ਼ਰਮਾ ਬਠਿੰਡਾ ਪ੍ਰੈੱਸ ਸਕੱਤਰ ਇਸ ਤੋਂ ਇਲਾਵਾ ਕੁਲਦੀਪ ਸਿੰਘ ਮੋਗਾ, ਇੰਦਰਪਾਲ ਸਿੰਘ ਫਿਰੋਜ਼ਪੁਰ, ਰੇਸ਼ਮ ਸਿੰਘ ਫਾਜ਼ਿਲਕਾ, ਜਗਸੀਰ ਸਿੰਘ ਮਾਨਸਾ, ਅਮਨਦੀਪ ਸ਼ਰਮਾ ਫ਼ਰੀਦਕੋਟ ਤੇ ਸ਼ਿਵਰਾਜ ਸਿੰਘ ਮੁਕਤਸਰ ਨੂੰ ਮੈਂਬਰ ਚੁਣਿਆ ਗਿਆ।

ਮੀਟਿੰਗ ਵਿੱਚ ਗੁਰਮੀਤ ਸਿੰਘ ਮੋਗਾ ਮੀਤ ਪ੍ਰਧਾਨ ਸਟੇਟ, ਜਗਦੀਪ ਸਿੰਘ ਕਨੂੰਨੀ ਸਲਾਹਕਾਰ ਸਟੇਟ, ਜਸਬੀਰ ਸਿੰਘ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਮਨਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਫ਼ਰੀਦਕੋਟ, ਗੁਰਮੀਤ ਸਿੰਘ ਗਲੋਟੀ ਜ਼ਿਲ੍ਹਾ ਪ੍ਰਧਾਨ ਮੋਗਾ, ਮਨਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਗੁਰਪਿਆਰ ਸਿੰਘ ਜ਼ਿਲ੍ਹਾ ਪ੍ਰਧਾਨ ਮਾਨਸਾ ਅਤੇ ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਬਠਿੰਡਾ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ।

ਕਾਤਰਾਂ

ਇੰਡੀਅਨ ਫੋਕ ਡਾਂਸ ਅਕੈਡਮੀ ਵਲੋਂ ਸਮਰ ਕੈਂਪ 1 ਤੋਂ 17 ਜੂਨ ਤੱਕ

ਮਲੋਟ, (ਗੁਰਮੀਤ ਸਿੰਘ ਮੱਕੜ):-ਸਥਾਨਕ ਇੰਡੀਅਨ ਫੋਕ ਡਾਂਸ ਅਕੈਡਮੀ ਵਲੋਂ ਗਰਮੀਆਂ ਦੀਆਂ ਛੁੱਟੀਆਂ ਵਿਚ 1 ਜੂਨ ਤੋਂ 17 ਜੂਨ ਤੱਕ ਐਡਵਰਡਗੰਜ ਗੈਸਟ ਹਾਊਸ ਵਿਖੇ ਸਮਰ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦੌਰਾਨ ਇੰਡੀਅਨ ਫੋਕ ਡਾਂਸ ਅਕੈਡਮੀ ਦੇ ਸੰਚਾਲਕ ਅਤੇ ਇੰਟਰਨੈਸ਼ਨਲ ਭੰਗੜਾ ਕੋਚ ਸੁਸ਼ੀਲ ਖੁੱਲਰ ਬੱਚਿਆਂ ਨੂੰ ਭੰਗੜਾ, ਗਿੱਧਾ, ਘੋੜ ਸਵਾਰੀ, ਯੋਗਾ, ਐਕਟਿੰਗ, ਕਰਾਟੇ, ਸਕੇਟਿੰਗ ਅਤੇ ਡਾਂਸ ਦੀ ਸਿਖਲਾਈ ਦੇਣਗੇ। ਕੋਚ ਸੁਸ਼ੀਲ ਖੁੱਲਰ ਤੋਂ ਇਲਾਵਾ ਬੱਚਿਆਂ ਨੂੰ ਇਹ ਗੁਰ ਦੇਣ ਲਈ ਵੱਖ ਵੱਖ ਖੇਤਰਾਂ ਦੇ ਵਿਸ਼ਵ ਪ੍ਰਸਿੱਧ ਮਹਿਮਾਨ ਵੀ ਪਹੁੰਚਣਗੇ। ਭੰਗੜਾ ਕੋਚ ਖੁੱਲਰ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਵਿਸ਼ੇਸ਼ ਮੰਗ 'ਤੇ ਹਰ ਸਾਲ ਇਹ ਉਪਰਾਲਾ ਕੀਤਾ ਜਾਂਦਾ ਹੈ ਅਤੇ ਬੱਚੇ ਇਸ ਕੈਂਪ ਦਾ ਪੂਰਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਹਿੱਸਾ ਲੈਣ ਲਈ ਬੱਚੇ ਆਪਣਾ ਨਾਂਅ ਰਜਿਸਟਰ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਸਿਖਲਾਈ ਲੈਣ ਵਾਲੇ ਬੱਚਿਆਂ ਦੇ ਅੰਤ ਵਿਚ ਮੁਕਾਬਲੇ ਕਰਵਾਏ ਜਾਣਗੇ ਅਤੇ ਕੈਂਪ ਦੀ ਸਮਾਪਤੀ 'ਤੇ ਜੇਤੂਆਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਖੂਨਦਾਨ ਕੈਂਪ 29 ਨੂੰ

ਮਲੋਟ, (ਗੁਰਮੀਤ ਸਿੰਘ ਮੱਕੜ)-ਟਿੰਬਿਆਂ ਦਾ ਪੁੱਤ ਵੈਲਫੇਅਰ ਸੋਸਾਇਟੀ ਵੱਲੋਂ ਖੂਨਦਾਨ ਕੈਂਪ 29 ਮਈ ਦਿਨ ਸੋਮਵਾਰ ਨੂੰ ਝਾਂਬ ਗੈਸਟ ਹਾਊਸ ਮਲੋਟ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਨਗਰ ਕੌਂਸਲ ਦੇ ਪ੍ਰਧਾਨ ਬੁੱਗਦੀਪ ਸਿੰਘ ਬਿੱਟੂ ਅਤੇ ਸੋਸਾਇਟੀ ਦੇ ਪ੍ਰਧਾਨ ਬਲਰਾਜ ਸਿੰਘ ਬਰਾੜ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਸਮਾਜਸੇਵੀ ਸੰਸਥਾ ਵੱਲੋਂ ਵੀ ਇਸ ਕੈਂਪ ਵਿਚ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਕੈਂਪ ਦੌਰਾਨ ਗੁਰੂ ਨਾਨਕ ਚੈਰੀਟੇਬਲ ਬਲੱਡ ਸੈਂਟਰ ਬਠਿੰਡਾ ਦੀ ਟੀਮ ਵੱਲੋਂ ਖੂਨਦਾਨੀਆਂ ਤੋਂ ਖੂਨ ਇਕੱਤਰ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਇਸ ਕੈਂਪ ਵਿਚ ਪਹੁੰਚ ਕੇ ਖੂਨਦਾਨ ਕਰਨ ਦੀ ਅਪੀਲ ਕੀਤੀ ਗਈ।

ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਕਰਾਇਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ਼ਹਿਰ ਦੀ ਗੋਬਿੰਦ ਨਗਰੀ ਵਿਚ ਸਥਿਤ ਸੈਂਟਰਲ ਗੁਰੂ ਘਰ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਾਇਆ ਗਿਆ।ਇਸ ਦੌਰਾਨ ਰਾਗੀ ਅਤੇ ਢਾਡੀ ਜਥਿਆਂ ਨੇ ਕੀਰਤਨ ਕਰਕੇ ਗੁਰੂ ਘਰ ਆਈਆਂ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ, ਉਥੇ ਹੀ ਉਨ੍ਹਾਂ ਸੰਗਤਾਂ ਨੂੰ ਗੁਰੂ ਘਰ ਨਾਲ ਜੁੜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੰਦੇਸ਼ ਦਿੱਤਾ। ਪ੍ਰਧਾਨ ਬਲਜਿੰਦਰ ਸਿੰਘ, ਐਚਐੱਸ ਚਾਵਲਾ, ਵਿੱਤ ਸਕੱਤਰ ਐੱਚਐੱਨ ਸਿੰਘ ਲਾਡੀ, ਜਨਰਲ ਸਕੱਤਰ ਖ਼ਜ਼ਾਨ ਸਿੰਘ, ਤਾਰਾ ਸਿੰਘ ਭੁੱਲਰ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਕਰਾਏ ਗਏ ਸਮਾਗਮ ਵਿਚ ਸੰਗਤਾਂ ਲਈ ਅਟੂੱਟ ਲੰਗਰ ਦੇ ਪ੍ਰਬੰਧ ਕੀਤੇ ਗਏ ਸਨ।

ਪ੍ਰਨੀਤ ਕੌਰ ਵੱਲੋਂ ਰਾਣਾ ਸੇਖੋਂ ਦੀ ਮਾਤਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਦੀ ਮਾਤਾ ਹਰਭਜਨ ਕੌਰ ਦੇ ਦੇਹਾਂਤ 'ਤੇ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਵੱਲੋਂ ਰਾਣਾ ਸੇਖੋਂ, ਉਨ੍ਹਾਂ ਦੇ ਪਿਤਾ ਕੁਲਜੀਤ ਸਿੰਘ ਤੇ ਸੇਖੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਸਦਮੇ ਵਿੱਚ ਡੁੱਬੇ ਪਰਵਾਰਕ ਮੈਂਬਰਾਂ ਅਤੇ ਸਾਕ-ਸਨੇਹੀਆਂ ਨਾਲ ਦਿਲੀ ਹਮਦਰਦੀ ਜ਼ਾਹਰ ਕਰਦਿਆਂ ਉਨ੍ਹਾਂ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਦੇਣ ਅਤੇ ਦੁੱਖ ਦੀ ਇਸ ਘੜੀ ਵਿੱਚ ਇਹ ਅਸਹਿ ਅਤੇ ਅਕਹਿ ਘਾਟਾ ਸਹਿਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ, ਨਿਸ਼ਾਨ ਸਿੰਘ ਸੰਧੂ, ਅਮਰਜੀਤ ਸਿੰਘ ਗੁਰਾਇਆ, ਅਸ਼ੋਕ ਮੋਦਗਿੱਲ, ਸੁਰਿੰਦਰ ਸਿੰਘ ਖੇੜਕੀ, ਸੁਦਰਸ਼ਨ ਮਿੱਤਲ, ਸੰਜੀਵ ਗਰਗ ਤੇ ਲਲਿਤ ਭੱਲਾ ਆਦਿ ਵੀ ਮੌਜੂਦ ਰਹੇ।

ਵਿਕਾਸ ਮਿਸ਼ਨ ਨੇ ਨਵੇਂ ਡੀ ਈ ਓ ਨਾਲ ਪਲੇਠੀ ਮੁਲਾਕਾਤ ਕੀਤੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ) ਸ੍ਰੀ ਰਾਜੀਵ ਛਾਬੜਾ ਨੇ ਬਤੌਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਹੁਦਾ ਸੰਭਾਲ ਲਿਆ ਹੈ। ਉਹ ਇਸ ਤੋਂ ਪਹਿਲਾਂ ਫ਼ਿਰੋਜ਼

25-May-PAGE- 8.qxd 5/24/2023 10:08 PM Page 1

ਜਲ ਸਰੋਤ ਵਿਭਾਗ ਨੇ 9 ਮਹੀਨਿਆਂ 'ਚ ਨਹਿਰੀ ਪਾਣੀ ਦੇ ਝਗੜਿਆਂ ਦੇ 3222 ਕੇਸ ਨਿਪਟਾਏ : ਮੀਤ ਹੇਅਰ

ਚੰਡੀਗੜ੍ਹ, (ਗੁਰਜੀਤ ਬਿੱਲਾ)

ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਨੂੰ ਆਪਣੇ ਹਿੱਸੇ ਦਾ ਪਾਣੀ ਦੇਣ ਲਈ ਜਲ ਸਰੋਤ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪਿਛਲੇ 9 ਮਹੀਨਿਆਂ ਵਿੱਚ ਨਹਿਰੀ ਪਾਣੀ ਦੇ ਝਗੜਿਆਂ ਦੇ 3222 ਕੇਸ ਨਿਪਟਾਏ ਗਏ। ਵਿਭਾਗ ਕੋਲ ਹੁਣ ਕੁੱਲ 5025 ਲੰਬਿਤ ਕੇਸਾਂ ਵਿੱਚੋਂ 1614 ਹੀ ਰਹਿ ਗਏ ਹਨ ਜਿਨ੍ਹਾਂ ਨੂੰ ਵੀ ਜਲਦ ਨਿਪਾਇਆ ਜਾਵੇਗਾ। ਇਹ ਜਾਣਕਾਰੀ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਨਹਿਰੀ ਪਾਣੀ ਦੇ ਝਗੜਿਆਂ ਦੇ ਕਈ ਸਾਲਾਂ ਤੋਂ ਲੰਬਿਤ ਪਏ ਕੇਸਾਂ ਨੂੰ ਨਿਪਟਾਉਣ ਦੇ ਕੰਮ ਦੀ ਸਮੀਖਿਆ ਲਈ ਰੱਖੀ ਮੀਟਿੰਗ ਉਪਰੰਤ ਦਿੱਤੀ। ਜਲ ਸਰੋਤ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਬਕਾਇਆ ਪਏ ਕੇਸਾਂ ਨੂੰ ਵੀ ਜਲਦ ਨਿਪਟਾਇਆ ਜਾਵੇ ਤਾਂ ਜੋ ਕਿਸਾਨ ਨਹਿਰੀ ਪਾਣੀ ਤੋਂ ਵਾਂਝਾ ਨਾ ਰਹੇ। ਮੀਤ ਹੇਅਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਕਿਸਾਨਾਂ ਨੂੰ ਨਹਿਰੀ ਪਾਣੀ ਪੁੱਜਦਾ ਕਰਨ ਲਈ ਨਹਿਰੀ ਪਾਣੀ ਨੂੰ ਨੈਟਵਰਕ ਨੂੰ ਮਜ਼ਬੂਤ ਕਰ ਰਹੀ ਹੈ ਉੱਥੇ ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਨੂੰ ਆਪਣੇ ਹਿੱਸੇ ਦਾ ਪਾਣੀ ਦੇਣਾ ਵੀ ਯਕੀਨੀ ਬਣਾ ਰਹੀ ਹੈ। ਨਹਿਰੀ ਪਾਣੀ ਦੇ ਝਗੜਿਆਂ ਦੇ ਮਾਮਲੇ ਨਿਬੇੜਨ ਦੇ ਕੰਮ 'ਤੇ ਜਲ ਸਰੋਤ ਵਿਭਾਗ ਦੇ ਤਕਨੀਕੀ ਅਮਲੇ ਅਤੇ ਮਾਲ ਸਟਾਫ ਜਿਨ੍ਹਾਂ ਵਿੱਚ ਪਟਵਾਰੀ, ਜ਼ਿਲ੍ਹੇਦਾਰ ਤੇ ਡਿਪਟੀ ਕੁਲੈਕਟਰ ਆਦਿ ਸ਼ਾਮਲ ਹਨ, ਨੂੰ ਨਿਗਰਾਨੀ 'ਤੇ ਲਗਾਇਆ ਗਿਆ ਹੈ। ਮੀਤ ਹੇਅਰ ਨੇ ਦੱਸਿਆ ਕਿ ਵਿਭਾਗ ਦੇ ਕੰਮ ਦੀ ਸਮੀਖਿਆ ਦੌਰਾਨ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਜਲ ਸਰੋਤ ਵਿਭਾਗ ਕੋਲ ਕਈ ਸਾਲਾਂ ਤੋਂ ਕਿਸਾਨਾਂ ਦੇ ਨਹਿਰੀ ਪਾਣੀ ਦੇ ਝਗੜੇ ਦੇ ਕੇਸ ਲੰਬਿਤ ਪਏ ਸਨ। ਕਈ ਕੇਸ ਤਾਂ ਦਹਾਕਿਆਂ ਦੇ ਲੰਬਿਤ ਪਏ ਸਨ। ਵਿਭਾਗ ਵੱਲੋਂ ਇਸ ਕੰਮ ਨੂੰ ਤਰਜੀਹ ਦਿੰਦਿਆਂ ਅਜਿਹੇ ਕੇਸਾਂ ਸੰਬੰਧੀ ਕਿਸਾਨਾਂ ਦੀਆਂ ਵੱਡੀ ਗਿਣਤੀ ਅਰਜੀਆਂ ਦੀ ਸਨਾਖਤ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਦੇ ਉਪਰਾਲੇ ਕੀਤੇ ਗਏ। ਵਿਭਾਗ ਕੋਲ ਕੁੱਲ 5025 ਕੇਸ ਬਕਾਇਆ ਪਏ ਸਨ। ਇਸ ਤੋਂ ਬਾਅਦ ਸਰਕਾਰ ਨੇ ਹਫਤਾਵਾਰੀ ਆਧਾਰ 'ਤੇ ਪ੍ਰਾਪਤ ਸਾਰੀਆਂ ਅਰਜ਼ੀਆਂ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਸਿਰਫ 9 ਮਹੀਨਿਆਂ ਦੇ ਸਮੇਂ ਵਿੱਚ 3222 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਹੁਣ ਬਕਾਇਆ ਕੇਸਾਂ ਦੀ ਗਿਣਤੀ ਘਟ ਕੇ 1614 ਰਹਿ ਗਈ ਹੈ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ।

ਅੱਤ ਦੀ ਗਰਮੀ 'ਚ ਪੀਰ ਬਾਬਾ ਜਿੰਦਾ ਸ਼ਹੀਦ ਸੁਸਾਇਟੀ ਨੇ ਜੰਗਲੀ ਬਾਉਲੀਆਂ 'ਚ ਭਰਿਆ ਪਾਣੀ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)

ਧਾਰਮਿਕ ਕੰਮਾਂ ਦੇ ਨਾਲ ਨਾਲ ਸਮਾਜਿਕ ਕਾਰਜਾਂ 'ਚ ਅਹਿਮ ਯੋਦਾਨ ਪਾ ਰਹੀ ਸੰਸਥਾ ਪੀਰ ਬਾਬਾ ਜਿੰਦਾ ਸ਼ਹੀਦ ਸੇਵਾ ਸੁਸਾਇਟੀ ਵਲੋਂ ਅੱਤ ਦੀ ਪੈ ਰਹੀ ਗਰਮੀ 'ਚ ਜੰਗਲੀ ਜੀਵ ਜੰਤੂਆਂ ਲਈ ਨੂਰਪੁਰਬੇਦੀ ਤੋਂ ਭੱਦੀ-ਬਲਾਚੌਰ ਨੂੰ ਜਾਣ ਵਾਲੇ ਮਾਰਗ 'ਤੇ ਪੈਂਦੇ ਜੰਗਲੀ ਖੇਤਰ 'ਚ ਜਾਨਵਰਾਂ ਦੇ ਪਾਣੀ ਪੀਣ ਲਈ ਬਣਾਈਆਂ ਗਈਆਂ ਬਾਉਲੀਆਂ ਨੂੰ ਸਾਫ ਕਰਕੇ ਉਸ 'ਚ ਟੈਂਕਰ ਰਾਹੀਂ ਸਾਫ ਤੇ ਤਾਜ਼ਾ ਪਾਣੀ ਭਰਿਆ। ਸੰਸਥਾ ਦੇ ਅਹੁਦੇਦਾਰਾਂ ਮਾ. ਚੰਨਣ ਸਿੰਘ ਤੇ ਮਦਨ ਗੋਪਾਲ ਲਖਣੋ ਨੇ ਦੱਸਿਆ ਕਿ ਉਨ੍ਹਾਂ ਵਲੋਂ ਜਿੱਥੇ ਸੰਗਤਾਂ ਦੇ ਸਹਿਯੋਗ ਨਾਲ ਪੀ.ਜੀ.ਆਈ ਦੇ ਮਰੀਜਾਂ ਲਈ ਲੰਗਰ ਸੇਵਾ ਭੇਜੀ ਜਾ ਰਹੀ ਹੈ ਉੱਥੇ ਹੀ ਹੁਣ ਅਣਬੋਲੇ ਜੀਵਾਂ ਲਈ ਇਹ ਪੀਣ ਵਾਲੇ ਪਾਣੀ ਦਾ ਉਪਰਾਲਾ ਕੀਤਾ ਗਿਆ ਹੈ ਜੋ ਕਿ ਅੱਗੇ ਵੀ ਜਾਰੀ ਰਹੇਗਾ। ਇਸ ਮੌਕੇ ਉਨ੍ਹਾਂ ਨਾਲ ਰਾਜੀਵ ਮਾਲੀਆ, ਰੂਬੀ ਜੱਟਪੁਰ, ਗੁਰਪ੍ਰੀਤ ਤਖਤਗੜ੍ਹ, ਸਤਨਾਮ ਮੌਠਾਪੁਰ, ਜਸਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਸਿਮੂ ਬੜਵਾ, ਸੰਦੀਪ ਮੌਠਾਪੁਰ, ਦੀਪੂ, ਪਰਦੀਪ ਧੀਮਾਨ, ਗਗਨ ਤੇ ਜਸ਼ਨ ਭੱਗਲ ਆਦਿ ਹਾਜਰ ਸਨ।

ਵਿਦਿਆਰਥਣਾਂ ਨੇ ਸਾਇੰਸ ਸਿਟੀ ਵਿਜ਼ਿਟ ਕੀਤਾ

ਮਹਿਤਪੁਰ (ਰਾਜਾ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਦੀਆਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ 60 ਵਿਦਿਆਰਥਣਾਂ ਦਾ ਵਿੱਦਿਅਕ ਟੂਰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੁਸਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਗਿਆ। ਇਸ ਟੂਰ ਲਈ ਬੱਸ ਦਾ ਇੰਤਜਾਮ ਪੁਸਪਾ ਗੁਜਰਾਲ ਸਾਇੰਸ ਸਿਟੀ ਵੱਲੋਂ ਹੀ ਕੀਤਾ ਗਿਆ ਸੀ। ਵਿਦਿਆਰਥਣਾਂ ਦਾ ਇਹ ਟੂਰ ਜਾਣਕਾਰੀ ਭਰਪੂਰ ਅਤੇ ਗਿਆਨ ਵਰਧਕ ਰਿਹਾ। ਸਕੂਲ ਸਟਾਫ ਵੱਲੋਂ ਵਿਦਿਆਰਥਣਾਂ ਦੇ ਨਾਲ ਸ੍ਰੀਮਤੀ ਸੀਤੂ ਪਰਾਸ਼ਰ, ਮਿਸ ਰਾਣੀ ਸ਼ਰਮਾ ਅਤੇ ਮਿਸ ਜਨਾਗਲ ਨਿਕਿਤਾ ਕਿਸ਼ੋਰ ਹਾਜਰ ਸਨ।

ਫਕੀਰ ਚੰਦ ਲੋਈ ਦੀ 14ਵੀਂ ਬਰਸੀ 'ਤੇ ਲੋਈ ਪਰਵਾਰ ਵੱਲੋਂ ਫਰੀਜ਼ਰ ਦਾਨ

ਫਿਲੌਰ (ਨਿਰਮਲ)-ਫਿਲੌਰ ਦੇ ਨਜ਼ਦੀਕ ਪਿੰਡ ਮੰਡੀ ਦਾ ਲੋਈ ਪਰਵਾਰ ਹਰ ਸਮੇਂ ਸਮਾਜ ਸੇਵਾ ਦੇ ਕੰਮਾਂ ਲਈ ਅੱਗੇ ਰਹਿੰਦਾ ਹੈ। ਕਦੇ ਸਰਕਾਰੀ ਸਕੂਲਾਂ ਦੀ ਨਵੀਂ ਇਮਾਰਤ ਬਣਾ ਕੇ ਦੇਣੀ ਅਤੇ ਲੋੜਵੰਦ ਪਰਵਾਰਾਂ ਦੀਆਂ ਹੋਣਹਾਰ ਬੱਚੀਆਂ ਦਾ ਸਾਰਾ ਸਕੂਲੀ ਖਰਚਾ ਕਰਨਾ। ਲੋਈ ਪਰਵਾਰ ਨੇ ਆਪਣੇ ਬਜ਼ੁਰਗ ਫਕੀਰ ਚੰਦ ਲੋਈ ਦੀ 14ਵੀਂ ਬਰਸੀ 'ਤੇ ਮੰਡੀ ਪਿੰਡ ਵਾਸੀਆਂ ਦੀ ਮੰਗ 'ਤੇ ਇੱਕ ਡੈਡ ਬੋਡੀ ਰੱਖਣ ਲਈ ਫਰਿਜ਼ਰ ਦਾਨ ਕੀਤਾ। ਪਿੰਡ ਮੰਡੀ ਦੀ ਗਰਾਮ ਪੰਚਾਇਤ ਤੇ ਪਿੰਡ ਵਾਲਿਆਂ ਨੇ ਪ੍ਰਮੋਦ ਚੰਦਰ ਲੋਈ, ਦਲਜੀਤ ਲੋਈ ਅਤੇ ਮਨੋਜ ਲੋਈ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਵਰਵਾਸੀ ਫਕੀਰ ਚੰਦ ਲੋਈ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਇਸ ਮੌਕੇ ਸਰਪੰਚ ਪਤੀ ਮਨੋਜ ਕੁਮਾਰ ਡਿੰਪੀ, ਪੰਚ ਨਰੈਣ, ਪੰਚ ਸਰਨਜੀਤ, ਗੁਦਾਵਰ ਸਿੰਘ ਗਾਬਾ,ਪ੍ਰੇਮ ਚੰਦ ਲੋਈ, ਸੀਤਾ ਲੋਈ, ਰਵਿੰਦਰ ਕੁਮਰ ਕੁੱਕੂ, ਜਤਿੰਦਰ ਸਿੰਘ ਕਾਲਾ, ਗੁਰਦਾਵਰ ਸਿੰਘ ਚੱਕੀ, ਅਮਰੀਕ ਸਿੰਘ ਮੀਕਾ, ਲੰਬੜਦਾਰ ਕਮਲੇਸ਼ ਕੇਸੀ, ਲੰਬੜਦਾਰ ਅਵਤਾਰ ਦਾਰੀ ਹਾਜ਼ਰ ਸਨ।

ਕੀ ਵੱਡੇ ਸੜਕੀ ਹਾਦਸਿਆਂ ਦੀ ਉਡੀਕ 'ਚ ਹੈ ਪ੍ਰਸ਼ਾਸਨ !

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)

ਅੱਜਕਲ੍ਹ ਬਹੁਤ ਸਾਰੇ ਲੋਕ ਤੂੜੀ ਸਾਂਭ ਰਹੇ ਨੇ ਜਿਸ ਕਰਕੇ ਕਈ ਓਵਰਲੋਡ ਟਰੱਕ ਸੜਕਾਂ ਉੱਤੇ ਜਾਂਦੇ ਪੂਰੀ ਸੜਕ ਘੇਰ ਲੈਂਦੇ ਨੇ ਜਿਸ ਕਰਕੇ ਓਵਰਟੇਕ ਕਰਦੇ ਸਮੇਂ ਹਾਦਸੇ ਵਾਪਰ ਜਾਂਦੇ ਹਨ। ਭਾਵੇਂ ਸੁਪਰੀਮ ਕੋਰਟ ਨੇ ਹੁਕਮ ਜਾਰੀ ਕੀਤੇ ਸਨ ਕਿ ਸੜਕਾਂ 'ਤੇ ਓਵਰਲੋਡ ਮਸ਼ੀਨਰੀ ਨਹੀਂ ਚੱਲ ਸਕਦੀ ਤੇ ਅਜਿਹਾ ਕਰਨਾ ਗੈਰ ਕਾਨੂੰਨੀ ਹੈ। ਇਸ ਸਭ ਦੇ ਬਾਵਜੂਦ ਇਸ ਖੇਤਰ 'ਚ ਓਵਰਲੋਡ ਵਾਹਨ ਵੱਡੀ ਗਿਣਤੀ 'ਚ ਸੜਕਾਂ 'ਤੇ ਨਜ਼ਰ ਆ ਰਹੇ ਹਨ। ਤੂੜੀ ਨਾਲ ਭਰੇ ਹੋਏ ਟਰਾਲੇ ਸਾਰੀ ਸੜਕ ਨੂੰ ਰੋਕ ਲੈਂਦੇ ਹਨ, ਜਿਸ ਨਾਲ ਬਾਕੀ ਦੇ ਵਾਹਨਾਂ ਚਾਲਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਤਾਜ਼ੀ ਮਿਸਾਲ ਪਿੰਡ ਮਾਣਕਰਾਏ ਦੇ ਲਾਗੇ ਦੀ ਹੈ ਜਿੱਥੇ ਕਿ ਤੂੜੀ ਨਾਲ ਭਰਿਆ ਟਰੱਕ ਨੀਵੀਆਂ ਤਾਰਾਂ ਦੇ ਪਟਾਕੇ ਵਜਾਉਂਦਾ ਆਦਮਪੁਰ ਜਾ ਰਿਹਾ ਸੀ। ਪ੍ਰਮਾਤਮਾ ਦਾ ਸ਼ੁਕਰ ਕਿ ਕੋਈ ਅਣਸੁਖਾਵੀਂ ਘਟਨਾ ਨਹੀਂ ਹੋਈ। ਇਹ ਲੋਕ ਆਪਣੀ ਜ਼ਿੰਦਗੀ ਦੀ ਅਤੇ ਨਾ ਲੋਕਾਂ ਪ੍ਰਵਾਹ ਕਰਦੇ ਹੋਏ ਓਵਰਲੋਡ ਟਰਾਲੇ ਚਲਾ ਰਹੇ ਹਨ ਜੋ ਵੱਡੇ ਹਾਦਸਿਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਹਾਦਸਿਆਂ 'ਚ ਕਈ ਵਿਅਕਤੀ ਫੱਟੜ ਹੋਏ ਹਨ ਤੇ ਕਈ ਵਿਅਕਤੀਆਂ ਦੀ ਮੌਤ ਵੀ ਹੋਈ ਹੈ। ਜ਼ਿਲਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਅਜਿਹੇ ਵਾਹਨਾਂ ਨੂੰ ਰੋਕਣ ਦੇ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

ਪਾਰਟ ਟਾਈਮ ਉਰਦੂ ਅਧਿਆਪਕ ਦੀ ਅਸਾਮੀ ਲਈ ਬਿਨੈ ਪੱਤਰਾਂ ਦੀ ਮੰਗ

ਜਲੰਧਰ, (ਸ਼ੈਲੀ ਐਲਬਰਟ) ਜ਼ਿਲ੍ਹਾ ਭਾਸ਼ਾ ਦਫਤਰ ਵੱਲੋਂ ਉਰਦੂ ਭਾਸ਼ਾ ਦੀ ਸਿਖਲਾਈ ਲਈ ਅੰਸ਼ਕਾਲੀ/ਪਾਰਟ ਟਾਈਮ ਉਰਦੂ ਅਧਿਆਪਕ ਦੀ ਅਸਾਮੀ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ। ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਮੌਜੂਦਾ ਸੈਸ਼ਨ ਤੋਂ ਉਰਦੂ ਸਿਖਲਾਈ ਮੁੜ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜ਼ਿਲ੍ਹਾ ਭਾਸ਼ਾ ਦਫਤਰ ਵੱਲੋਂ 1 ਜੁਲਾਈ 2023 ਤੋਂ ਉਰਦੂ ਸਿਖਲਾਈ ਲਈ ਕਲਾਸ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦੇ ਲਈ ਦਫਤਰ ਵਿਖੇ ਅੰਸ਼ਕਾਲੀ/ਪਾਰਟ ਟਾਈਮ ਯੋਗ ਅਧਿਆਪਕ ਦੀ ਜ਼ਰੂਰਤ ਹੈ। ਉਮੀਦਵਾਰ ਦੀ ਘੱਟੋ-ਘੱਟ ਯੋਗਤਾ ਐਮ.ਏ. ਉਰਦੂ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਇਕ ਘੰਟੇ ਦੀ ਕਲਾਸ ਹੋਵੇਗੀ ਅਤੇ ਚੁਣੇ ਗਏ ਉਮੀਦਵਾਰ ਨੂੰ 8000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਚਾਹਵਾਨ ਉਮੀਦਵਾਰ ਆਪਣੇ ਬਿਨੈ ਪੱਤਰ 2 ਜੂਨ 2023 ਤੱਕ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ, ਕਮਰਾ ਨੰ. 215, ਦੂਜੀ ਮੰਜ਼ਿਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਜਲੰਧਰ ਵਿਖੇ ਦਸਤੀ ਭੇਜ ਸਕਦੇ ਹਨ।

ਖਣਨ ਮਾਫੀਆ ਨੇ ਕੰਢੀ ਖ਼ੇਤਰ ਦੀ ਭੂਗੋਲਿਕ ਸਥਿਤੀ ਵਿਗਾੜੀ, ਵਾਤਾਵਰਣ ਪ੍ਰੇਮੀ ਚਿੰਤਤ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਨੀਮ ਪਹਾੜੀ ਖ਼ੇਤਰ 'ਚ ਖਣਨ ਮਾਫੀਆ ਦੀਆਂ ਕਥਿਤ ਗਤੀਵਿਧੀਆਂ ਨੇ ਕੰਢੀ ਇਲਾਕੇ ਦੀ ਭੂਗੋਲਿਕ ਸਥਿਤੀ ਨੂੰ ਵਿਗਾੜ ਦਿੱਤਾ ਹੈ। ਖਣਨ ਮਾਫੀਆ ਵੱਲੋਂ ਪੌਂਗ ਡੈਮ ਹੇਠਾਂ ਬਿਆਸ ਦਰਿਆ 'ਚ ਧੜੱਲੇ ਨਾਲ ਕੀਤੇ ਜਾ ਰਹੇ ਕਥਿਤ ਖਣਨ ਕਾਰਨ ਰਾਸ਼ਟਰੀ ਸੰਪਤੀ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ, ਉੱਥੇ ਹੀ ਸਵਾਂ ਦਰਿਆ ਕੰਢੇ ਕਰੀਬ ਪੈਣੇ ਦਰਜਨ ਸਟੋਨ ਕਰੱਸ਼ਰ ਚੱਲ ਰਹੇ ਹਨ। ਪਿੰਡ ਸੁਖਚੈਨਪੁਰ ਵਿਖੇ ਪਹਾੜਾਂ ਦੀ ਕੀਤੀ ਜਾ ਰਹੀ ਖੁਦਾਈ ਨਾਲ ਜੰਗਲੀ ਜੀਵਨ ਪ੍ਰਭਾਵਿਤ ਹੋਇਆ ਹੈ। ਕੰਢੀ ਖ਼ੇਤਰ 'ਚ ਅੰਨ੍ਹੇਵਾਹ ਕੀਤੇ ਜਾ ਰਹੇ ਖਣਨ ਤੋਂ ਵਾਤਾਵਰਣ ਪ੍ਰੇਮੀ ਚਿੰਤਤ ਹਨ। ਵਾਤਾਵਰਣ ਪ੍ਰੇਮੀ ਗਿਆਨ ਸਿੰਘ ਗੁਪਤਾ, ਸੁਭਾਸ਼ ਨੱਥੂਵਾਲ, ਨੀਰਜ ਸ਼ਰਮਾ ਆਦਿ ਨੇ ਦਸਿਆ ਕਿ ਪਿੰਡ ਚੱਕਮੀਰਪੁਰ ਕੋਠੀ 'ਚ ਚੱਲਦੇ ਤਿੰਨ ਸਟੋਨ ਕਰੱਸ਼ਰਾਂ ਵੱਲੋਂ ਬਿਆਸ ਦਰਿਆ ਦੇ ਕੰਢਿਆਂ 'ਤੇ ਪੌਂਗ ਡੈਮ ਦੇ ਨੱਕ ਹੇਠਾਂ ਅੰਨ੍ਹੇਵਾਹ ਕਥਿਤ ਮਾਈਨਿੰਗ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਸੁੱਕੇ ਪਏ ਸਵਾਂ ਦਰਿਆ ਦੇ ਕੰਢੇ ਚੱਲਦੇ ਕਰੀਬ ਪੈਣਾ ਦਰਜਨ ਕਰੱਸ਼ਰਾਂ ਵੱਲੋਂ ਜ਼ਮੀਨ ਹੇਠਲੇ ਪਾਣੀ ਦੀ ਸਤ੍ਹਾ ਆਉਣ ਤੱਕ ਮਾਈਨਿੰਗ ਕੀਤੀ ਜਾ ਰਹੀ ਹੈ, ਦਰਿਆ ਹੁਣ ਵੱਡੇ ਵੱਡੇ ਖੱਡਿਆਂ 'ਚ ਤਬਦੀਲ ਹੋ ਚੁੱਕਿਆ ਹੈ। ਵਾਤਾਵਰਣ ਚਿੰਤਕਾਂ ਅਨੁਸਾਰ ਮਹਿਕਮੇ ਦੀ ਕਥਿਤ ਮਿਲੀਭੁਗਤ ਦੇ ਚੱਲਦਿਆਂ ਖਣਨ ਕਾਰੋਬਾਰੀਆਂ ਨੇ ਪੰਚਾਇਤੀ ਜ਼ਮੀਨ ਨੂੰ ਵੀ ਨਹੀਂ ਬਖਸ਼ਿਆ ਹੈ। ਪੰਚਾਇਤੀ ਜ਼ਮੀਨਾਂ 'ਤੇ ਲੱਗੀ ਵਣ ਸੰਪਦਾ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਨਵੀਂ ਬਣੀ ਆਮ ਆਦਮੀ ਪਾਰਟੀ ਸਰਕਾਰ ਤੋਂ ਲੋਕਾਂ ਅਤੇ ਖਾਸ ਤੌਰਤੇ ਕੰਢੀ ਵਾਸੀਆਂ ਨੂੰ ਬਹੁਤ ਉਮੀਦਾਂ ਸਨ, ਪਰ 'ਆਪ' ਦੇ ਰਾਜ ਵਿਚ ਨਾਜਾਇਜ਼ ਖਣਨ ਦੇ ਕਾਰੋਬਾਰ ਨੇ ਸਾਰੇ ਹੱਦ ਬੰਨ੍ਹੇ ਉਲੰਘ ਦਿੱਤੇ ਹਨ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਨਾਜਾਇਜ਼ ਮਾਈਨਿੰਗ ਦੀ ਸ਼ਿਕਾਇਤ ਲਈ ਜ਼ਾਰੀ ਕੀਤਾ ਹੈਲਪਲਾਈਨ ਨੰਬਰ ਬੇਮਾਅਨੇ ਸਿੱਧ ਹੋਇਆ ਹੈ। ਖ਼ੇਤਰ 'ਚ ਕਥਿਤ ਮਾਈਨਿੰਗ ਕਾਰੋਬਾਰ ਨੇ ਜਲ,ਜੰਗਲ ਅਤੇ ਜ਼ਮੀਨ ਤਬਾਹ ਕਰ ਦਿੱਤੇ ਹਨ। ਆਬੋ ਹਵਾ ਵਿਗੜ ਗਈ ਹੈ, ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੇਠਾਂ ਡਿੱਗ ਗਿਆ ਹੈ। ਐਕਸਿਅਨ ਸਰਤਾਜ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਸਿਰਫ਼ ਦਸੂਹਾ ਜ਼ੋਨ ਵਿੱਚ ਹੀ ਸਟੋਨ ਕਰੱਸ਼ਰ ਚੱਲਦੇ ਹਨ। ਜਿਨ੍ਹਾਂ ਦੀ ਗਿਣਤੀ 19 ਹੈ। ਖ਼ੇਤਰ 'ਚ ਚੱਲਦੇ ਸਟੋਨ ਕਰੱਸ਼ਰ ਕੱਚਾ ਮਾਲ ਹਿਮਾਚਲ ਪ੍ਰਦੇਸ਼ ਤੋਂ ਲਿਆਉਂਦੇ ਹਨ । ਜਿਸ ਦਾ ਰੈਵਿਨਿਊ ਪੰਜਾਬ ਸਰਕਾਰ ਨੂੰ ਆ ਰਿਹਾ ਹੈ। ਸੁਖਚੈਨਪੁਰ ਵਿਖੇ ਪਹਾੜਾਂ 'ਚ ਚੱਲਦੇ ਸਟੋਨ ਕਰੱਸ਼ਰ ਬਾਰੇ ਉਨ੍ਹਾਂ ਅਸਪੱਸ਼ਟਤਾ ਬਿਆਨੀ।

ਮੋਟੇ ਅਨਾਜ ਸੰਬੰਧੀ ਪ੍ਰਸਿੱਧ ਵਿਗਿਆਨੀ ਡਾ. ਖਾਦਰ ਵਲੀ ਨਾਲ ਸੰਵਾਦ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪ੍ਰਸਿੱਧ ਵਿਗਿਆਨੀ ਅਤੇ ਕੁਦਰਤੀ ਸਿਹਤ ਪ੍ਰਣਾਲੀ ਦੇ ਮਾਹਰ ਪਦਮਸ੍ਰੀ ਡਾ. ਖਾਦਰ ਵਲੀ ਨਾਲ "ਮਿਲੇਟ ਦੀ ਖੁਰਾਕ ਨਾਲ ਰੋਗ ਮੁਕਤ, ਸਿਹਤਮੰਦ ਜੀਵਨਸ਼ੈਲੀ" ਵਿਸ਼ੇ 'ਤੇ ਸੰਵਾਦ ਪ੍ਰੋਗਰਾਮ ਕਰਵਾਇਆ ਗਿਆ। ਆਪਣੀ ਸਰਕਾਰੀ ਰਿਹਾਇਸ਼ ਵਿਖੇ ਰੱਖੇ ਸੰਖੇਪ ਪ੍ਰੋਗਰਾਮ ਮੌਕੇ ਵਿਚਾਰ-ਵਟਾਂਦਰੇ ਦੌਰਾਨ ਸਪੀਕਰ ਨੇ ਕਿਹਾ ਕਿ ਸੰਯ

25-May-PAGE-9.qxd 5/24/2023 10:06 PM Page 1

'ਜਮਰੌਦ' ਤੇ 'ਇੱਕ ਅਣਫੋਲਿਆ ਵਰਕਾ' ਦੀ ਸਮੀਖਿਆ ਤੇ ਦਾਵਰ ਢਿੱਲੋਂ ਨੇ ਕਵਿਤਾਵਾਂ ਸੁਣਾਈਆਂ

ਖਰੜ (ਹਰਨਾਮ ਸਿੰਘ ਡੱਲਾ)

ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਦੀ ਮਾਸਿਕ ਇਕੱਤਰਤਾ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਸਭਾ ਦੇ ਦਫਤਰ ਕੰਪਲੈਕਸ ਵਿਖੇ ਹੋਈ। ਜਿਸ ਵਿੱਚ ਮਹਿਮਾਨ ਸ਼ਾਇਰ ਜਸਬੀਰ ਸਿੰਘ ਦਾਵਰ ਢਿੱਲੋਂ ਨੇ ਹਾਜਰੀ ਭਰੀ। ਇਸ ਸਮੇਂ ਸੁਰਿੰਦਰ ਸਿੰਘ ਰਸੂਲਪੁਰ, ਡਾਕਟਰ ਦੌਲਤ ਰਾਮ ਲੋਈ, ਮੋਹਿਤ,ਲਾਲ ਸਿੰਘ ਟੱਪਰੀਆਂ,ਲੇਖ ਰਾਜ ਧੀਰ, ਪਰਮਿੰਦਰ ਸਿੰਘ ਪ੍ਰੇਮ, ਯਾਕੂਬ ਅਲੀ, ਮਨਮੋਹਨ ਸਿੰਘ ਰਾਣਾ, ਡਾਕਟਰ ਰਾਜਪਾਲ ਸਿੰਘ, ਸੰਤੋਖ ਸਿੰਘ ਸੋਖਾ, ਕੁਲਵਿੰਦਰ, ਅਜਮੇਰ ਫਿਰੋਜ਼ਪੁਰੀ, ਗੁਰਦਰਸ਼ਨ ਸਿੰਘ ਮਾਵੀ, ਸੁਰਜੀਤ ਸੁਮਨ, ਕੰਵਰਫੂਲ ਸਿੰਘ, ਹਰਜੀਤ ਸਿੰਘ ਲੋਈ, ਅਮਰਜੀਤ ਸਿੰਘ ਮਾਵੀ, ਅਰਸ਼ਦੀਪ ਹਾਜਰ ਸਨ। ਸਭ ਤੋਂ ਪਹਿਲਾਂ ਹਾਜਰ ਸਾਹਿਤਕਾਰਾਂ ਵਲੋਂ ਸਭਾ ਦੇ ਸਤਿਕਾਰਯੋਗ ਮੈਂਬਰ ਪ੍ਰਿੰਸੀਪਲ ਮੋਹਨ ਲਾਲ ਰਾਹੀ ਦੇ ਨੌਜਵਾਨ ਪੋਤਰੇ ਕਾਕਾ ਪਰਮਵੀਰ ਸਿੰਘ ਦੀ ਕਨੇਡਾ ਵਿੱਚ ਹੋਈ ਬੇਵਕਤ ਮੌਤ ਉੱਤੇ ਦੁੱਖ ਦਾ ਇਜਹਾਰ ਕੀਤਾ ਗਿਆ। ਇਸ ਤੋਂ ਬਿਨਾਂ ਉੱਘੇ ਨਾਵਲਕਾਰ ਗੁਰਸਰਨ ਸਿੰਘ ਦੀ ਬੇਟੀ ਡਾਕਟਰ ਨਵਸਰਨ ਕੌਰ ਨੂੰ ਈ ਡੀ ਵਲੋਂ ਪੁੱਛਗਿੱਛ ਕਰਕੇ ਤੰਗ ਪ੍ਰੇਸ਼ਾਨ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਕੁਲਵਿੰਦਰ ਸਿੰਘ ਵਲੋਂ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਪੁਸਤਕ 'ਜਮਰੌਦ' ਦੀ ਸਮੀਖਿਆ ਕਰਦਿਆਂ ਕਿਹਾ ਕਿ ਇਹ ਪੁਸਤਕ ਲੋਕ ਮੁਸ਼ਕਿਲਾਂ ਦੀ ਵਿਗਿਆਨਕ ਢੰਗ ਨਾਲ ਪੇਸ਼ਕਾਰੀ ਕਰਦੀ ਹੈ ਤੇ ਲੋਕਾਂ ਦੇ ਮਨਾਂ ਵਿੱਚ ਜੂਝਣ ਦੀ ਪ੍ਰਵਿਰਤੀ ਪੈਦਾ ਕਰਦੀ ਹੈ। ਹਰਨਾਮ ਸਿੰਘ ਡੱਲਾ ਵਲੋਂ ਸ਼ਿਵ ਨਾਥ ਰਚਿਤ ਪੁਸਤਕ 'ਇੱਕ ਅਣਫੋਲਿਆ ਵਰਕਾ' ਬਾਬਾ ਇੰਦਰ ਸਿੰਘ ਮੁਰਾਰੀ ਬਾਰੇ ਸਮੀਖਿਆ ਕਰਦਿਆਂ ਕਿਹਾ ਕਿ ਗਦਰ ਲਹਿਰ ਤੋਂ ਪ੍ਰਭਾਵਿਤ ਗਦਰੀ ਬਾਬਾ ਇੰਦਰ ਸਿੰਘ ਮੁਰਾਰੀ ਦੀ ਜੀਵਨ ਗਾਥਾ ਪੜ੍ਹ ਕੇ ਹਰ ਪਾਠਕ ਵਿੱਚ ਵਤਨ ਪ੍ਰੇਮ ਦੀ ਭਾਵਨਾ ਪੈਦਾ ਹੁੰਦੀ ਹੈ। ਸ਼ਾਇਰ ਜਸਬੀਰ ਸਿੰਘ ਦਾਵਰ ਢਿੱਲੋਂ ਨੇ ਆਪਣੀਆਂ ਪਰੰਪਰਾਗਤ ਰਚਨਾਵਾਂ ਪੇਸ਼ ਕੀਤੀਆਂ। ਉਨ੍ਹਾਂ ਨੇ ਅਜੋਕੇ ਸਮੇਂ ਵਿੱਚ ਗਾਈ ਜਾਂਦੀ ਲੋਕ ਗਾਥਾ 'ਜੁਗਨੀ' ਦੇ ਪਿਛੋਕੜ ਬਾਰੇ ਵੀ ਚਾਨਣਾ ਪਾਇਆ।ਡਾਕਟਰ ਰਾਜਪਾਲ ਸਿੰਘ ਨੇ ਤਰੰਨਮ ਵਿੱਚ ਪਾਸ਼ ਦੀ ਲਿਖੀ ਗਜਲ, ਗੁਰਦਰਸ਼ਨ ਸਿੰਘ ਮਾਵੀ ਨੇ ਕਵਿਤਾ, ਸੰਤੋਖ ਸਿੰਘ ਸੋਖਾ ਅਤੇ ਸੁਰਜੀਤ ਸੁਮਨ ਨੇ ਤਰੰਨਮ ਵਿੱਚ ਗੀਤ, ਸੁਰਿੰਦਰ ਸਿੰਘ ਰਸੂਲਪੁਰ ਨੇ ਬਾਲ ਕਵਿਤਾ, ਪਰਮਿੰਦਰ ਸਿੰਘ ਪ੍ਰੇਮ ਵਲੋਂ ਟੱਪੇ ਅਤੇ ਗੀਤ, ਕੁਲਵਿੰਦਰ ਵਲੋਂ ਕਵਿਤਾ 'ਖਬਰਾਂ ਵਿੱਚ ਘਿਰਿਆ ਆਦਮੀ' ਅਤੇ ਹਰਨਾਮ ਸਿੰਘ ਡੱਲਾ ਨੇ ਗਜਲ ਸੁਣਾਈ। ਸਾਰੀਆਂ ਰਚਨਾਵਾਂ ਉੱਤੇ ਭਰਪੂਰ ਬਹਿਸ ਨਾਲ ਇਕੱਤਰਤਾ ਸਮਾਪਤ ਹੋਈ।

ਧੂੜੀਆ ਪਰਵਾਰ ਨਾਲ ਰਾਣਾ ਕੇ ਪੀ ਸਿੰਘ ਨੇ ਕੀਤਾ ਦੁੱਖ ਸਾਂਝਾ

ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)

ਧੂੜੀਆ ਪਰਵਾਰ ਨਾਲ ਸਬੰਧਤ, ਸ਼ਹਿਰ ਦੇ ਉਘੇ ਵਪਾਰੀ ਸਾਮ ਸਿੰਘ ਅਮਰਜੀਤ ਸਿੰਘ ਕੱਪੜੇ ਵਾਲਿਆ ਦੇ ਗ੍ਰਹਿ ਵਿਖੇ ਪਹੁੰਚ ਕੇ ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਅਮਰਜੀਤ ਸਿੰਘ ਧੂੜੀਆ ਦੀ ਧਰਮ ਪਤਨੀ ਬੀਬੀ ਜਤਿੰਦਰਪਾਲ ਕੌਰ ਕੁਝ ਦਿਨ ਬਿਮਾਰ ਰਹਿਣ ਉਪਰੰਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਰਾਣਾ ਨੇ ਕਿਹਾ ਕਿ ਇਹ ਪਰਵਾਰ ਪਿਛਲੇ ਲੰਮੇ ਸਮੇਂ ਤੋਂ ਸਾਡੇ ਨਾਲ ਜੁੜਿਆ ਹੋਇਆ ਹੈ ਇਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਰਮੇਸ਼ ਚੰਦਰ ਦਸਗਰਾਂਈ , ਸੀਨੀਅਰ ਕਾਂਗਰਸੀ ਆਗੂ ਪ੍ਰਿਤਪਾਲ ਸਿੰਘ ਗੰਢਾ, ਕੌਂਸਲਰ ਗੁਰਿੰਦਰ ਸਿੰਘ ਵਾਲੀਆ, ਬਲਾਕ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ, ਸਾਬਕਾ ਕੌਂਸਲਰ ਪ੍ਰੇਮ ਸਿੰਘ, ਅਰੁਣਦੀਪ ਸੋਨੂੰ, ਅਕਾਸਦੀਪ ਸਿੰਘ ਚੱਠਾ, ਜਸਵਿੰਦਰ ਸਿੰਘ ਸੋਨੂੰ, ਤਜਿੰਦਰ ਸਿੰਘ ਚੰਨ, ਗੁਰਕੀਰਤ ਸਿੰਘ ਬਾਵਾ, ਦਲਜੀਤ ਸਿੰਘ ਧੂੜੀਆ, ਸਮੇਤ ਪਰਵਾਰਕ ਮੈਂਬਰਾਂ ਤੋਂ ਇਲਾਵਾ ਕਾਂਗਰਸੀ ਆਗੂ 'ਤੇ ਵਰਕਰ ਹਾਜਰ ਸਨ। ਉਪਰੋਕਤ ਤੋਂ ਇਲਾਵਾ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਬੀਬੀ ਗੁਰਚਰਨ ਕੌਰ, ਅਨੰਦਪੁਰ ਸਾਹਿਬ ਵੈਲਫੇਅਰ ਕੌਂਸਲ ਦੇ ਦਵਿੰਦਰ ਸਿੰਘ ਰਾਣਾ, ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਡਾਕਟਰ ਪੀ ਜੇ ਐਸ ਕੰਗ, ਡਾਕਟਰ ਰਣਬੀਰ ਸਿੰਘ, ਡਾਕਟਰ ਗੁਰਪਾਲ ਢਿੱਲੋਂ, ਗੁਰਚਰਨ ਸਿੰਘ ਘੱਟੀਵਾਲ, ਸਾਬਕਾ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਜਸਪਾਲ ਸਿੰਘ ਗੂੰਬਰ, ਜਰਨੈਲ ਸਿੰਘ ਗੂੰਬਰ,ਸ਼ੈਂਪੀ ਅਰੋੜਾ, ਮਹਿੰਦਰ ਸਿੰਘ ਰਾਣਾ ਆਦਿ ਵਲੋਂ ਧੂੜੀਆ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਜਗਜੀਤ ਸਿੰਘ ਜੱਸੋਆਣਾ ਉੱਪਰ ਪੁਲਸ ਤਸ਼ੱਦਦ ਦੀ ਦਿਹਾਤੀ ਮਜਦੂਰ ਸਭਾ ਵੱਲੋਂ ਨਿਖੇਧੀ

ਜਲੰਧਰ (ਰਾਜੇਸ਼ ਥਾਪਾ)

ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਆਗੂਆਂ ਨੇ ਜੱਥੇਬੰਦੀ ਦੇ ਸੂਬਾ ਜੱਥੇਬੰਦਕ ਸਕੱਤਰ ਸਾਥੀ ਜਗਜੀਤ ਸਿੰਘ ਜੱਸੋਆਣਾ ਉੱਪਰ ਬਸ ਸਟੈਂਡ ਸ਼੍ਰੀ ਮੁਕਤਸਰ ਸਾਹਿਬ ਦੀ ਪੁਲਸ ਚੌਕੀ ਦੇ ਇੰਚਾਰਜ ਵੱਲੋਂ ਅੰਨ੍ਹਾ ਤਸ਼ੱਦਦ ਕਰਨ ਅਤੇ ਥਾਣਾ ਸਿਟੀ ਵਿਖੇ ਪੀੜਤ ਖਿਲਾਫ਼ ਹੀ ਝੂਠਾ ਪਰਚਾ ਦਰਜ ਕਰਨ ਦੇ ਅਣਮਨੁੱਖੀ ਕਾਰੇ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਵਿੱਤ ਸਕੱਤਰ ਮਹੀਪਾਲ ਅਤੇ ਪ੍ਰੈਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਕਿਸੇ ਨਿਰਦੋਸ਼ ਵਿਅਕਤੀ ਦੀ ਪੈਰਵੀ ਕਰਨ ਲਈ ਪੁਲਸ ਚੌਕੀ ਗਏ ਸਾਥੀ ਜਗਜੀਤ ਸਿੰਘ ਜੱਸੋਆਣਾ ਨਾਲ ਏ.ਐਸ.ਆਈ. ਬਲਦੇਵ ਸਿੰਘ ਨੇ ਜਾਤੀ ਸੂਚਕ ਸ਼ਬਦ ਬੋਲਦਿਆਂ ਦੁਰਵਿਹਾਰ ਕੀਤਾ ਅਤੇ ਧੱਕੇ 'ਤੇ ਧੱਫੇ ਮਾਰੇ। ਇਸ ਧਿੰਗੋਜੋਰੀ ਦਾ ਵਿਰੋਧ ਕਰਨ ਬਦਲੇ ਉਲਟਾ ਸਗੋਂ ਸਾਥੀ ਜੱਸੋਆਣਾ ਖਿਲਾਫ਼ ਹੀ ਧਾਰਾ 353/186 ਤਹਿਤ ਝੂਠਾ ਪਰਚਾ ਦਰਜ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਮਜਦੂਰ ਆਗੂਆਂ ਨੇ ਉੱਚ ਪੁਲਸ ਅਧਿਕਾਰੀਆਂ ਤੋਂ ਢੁਕਵੀਂ ਪੜਤਾਲ ਉਪਰੰਤ ਝੂਠਾ ਪਰਚਾ ਖਾਰਜ ਕਰਨ ਅਤੇ ਕੁੱਟਮਾਰ 'ਤੇ ਜਾਤੀ ਸੂਚਕ ਸ਼ਬਦ ਬੋਲਣ ਦੇ ਦੋਸ਼ੀ ਏ ਐਸ ਆਈ ਖਿਲਾਫ਼ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਐਲਾਨ ਕੀਤਾ ਹੈ ਕਿ ਇਸ ਜਾਬਰ ਕਾਰਵਾਈ ਵਿਰੁੱਧ ਤਿੱਖਾ ਸੰਘਰਸ਼ ਛੇੜਿਆ ਜਾਵੇਗਾ, ਜਿਸ ਦੀ ਰੂਪ ਰੇਖਾ ਉਲੀਕਣ ਲਈ ਸੂਬਾਈ ਆਗੂ ਅਤੇ ਨੇੜਲੇ ਜ਼ਿਲ੍ਹਿਆਂ ਦੇ ਪ੍ਰਮੁੱਖ ਅਹੁਦੇਦਾਰ ਭਲਕੇ 24 ਮਈ ਨੂੰ ਸ਼੍ਰੀ ਮੁਕਤਸਰ ਸਾਹਿਬ ਪਹੁੰਚ ਰਹੇ ਹਨ। ਉਨ੍ਹਾਂ ਜੱਥੇਬੰਦੀ ਦੀਆਂ ਸਮੂਹ ਹੇਠਲੀਆਂ ਕਮੇਟੀਆਂ ਨੂੰ ਇਸ ਜਾਬਰ ਕਾਰਵਾਈ ਵਿਰੁੱਧ ਤਿੱਖੀ ਲਾਮਬੰਦੀ ਕਰਨ ਦਾ ਸੱਦਾ ਦਿੰਦਿਆਂ ਜਮਹੂਰੀ ਤੇ ਪ੍ਰਗਤੀਸ਼ੀਲ ਧਿਰਾਂ ਨੂੰ ਇਸ ਪੁਲਸੀਆ ਧੱਕੇ ਵਿਰੁੱਧ ਜ਼ੋਰਦਾਰ ਆਵਾਜ ਬੁਲੰਦ ਕਰਨ ਦੀ ਅਪੀਲ ਕੀਤੀ ਹੈ।

ਐਸ ਡੀ ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ ਦੇ ਪੰਜਾਬੀ ਵਿਭਾਗ ਵੱਲੋਂ ਕਵਿਤਾ ਉਚਾਰਣ ਮੁਕਾਬਲੇ

ਜਲੰਧਰ (ਇਕਬਾਲ ਸਿੰਘ ਉਭੀ)

ਪੀ.ਸੀ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ ਦੇ ਪੰਜਾਬੀ ਵਿਭਾਗ ਵਲੋਂ ਕਵਿਤਾ ਉਚਾਰਣ ਗਤੀਵਿਧੀ ਦਾ ਆਯੋਜਨ ਕੀਤਾ ਜਿਸ ਵਿਚ ਗਿਆਰਵੀਂ ਅਤੇ ਬਾਰਵੀਂ ਦੀਆਂ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਸਕੂਲ ਦੀਆਂ ਵਿਦਿਆਰਥਣਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਅਤੇ ਉਹਨਾਂ ਦੀ ਪ੍ਰਤਿਭਾ ਨੂੰ ਨਿਖਾਰਣਾ ਸੀ। ਇਸ ਮੌਕੇ ਵਿਦਿਆਰਥਣਾਂ ਨੇ ਪ੍ਰਸਿੱਧ ਪੰਜਾਬੀ ਕਵੀਆਂ ਅਤੇ ਸਵੈ ਰਚਿਤ ਕਵਿਤਾਵਾਂ ਦਾ ਕਾਵਿਕ ਢੰਗ ਨਾਲ ਉਚਾਰਨ ਕੀਤਾ। ਨਤੀਜੇ ਵਜੋਂ ਬਾਰਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਨੇ ਪਹਿਲਾ ਸਥਾਨ ,ਮਨਹਿਤ ਨੇ ਦੂਜਾ ਸਥਾਨ ,ਵਨਸ਼ਿਕਾ ਅਤੇ ਸਨੇਹਾ ਨੇ ਤੀਸਰਾ ਸਥਾਨ ਹਾਸਲ ਕੀਤਾ । ਨਿਸ਼ਾ ਕੋਨਸੋਲੇਸ਼ਨ ਦਰਜੇ 'ਤੇ ਰਹੀ। ਇਸੇ ਤਰ੍ਹਾਂ ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਵਿਚ ਤਨੁਸ਼ਕਾ ਨੇ ਪਹਿਲਾ ਸਥਾਨ ,ਦਿਕਸ਼ਾ ਨੇ ਦੂਜਾ ਸਥਾਨ ਅਤੇ ਪ੍ਰਿਯੰਕਾ ਨੇ ਤੀਸਰਾ ਸਥਾਨ ਹਾਸਲ ਕੀਤਾ । ਇਸ ਮੌਕੇ 'ਤੇ ਸੰਸਥਾ ਦੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ ਅਤੇ ਪ੍ਰਬੰਧਕ ਕਮੇਟੀ ਦੇ ਹੋਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਭਾਗੀਦਾਰੀ ਲਈ ਵਧਾਈ ਦਿੱਤੀ।

ਗੁੱਜਰ ਪਰਵਾਰਾਂ ਦੀ ਪਰਾਲੀ ਨੂੰ ਲੱਗੀ ਅੱਗ

ਅੱਡਾ ਸਰਾਂ, (ਕਾਜਲ)- ਪਿੰਡ ਕੰਧਾਲਾ ਜੱਟਾਂ ਵਿਚ ਦੁਪਹਿਰ ਨੂੰ ਦੋ ਗੁੱਜਰ ਪਰਵਾਰਾਂ ਮੁਹੰਮਦ ਆਲਮ ਪੁੱਤਰ ਨਵਾਬਦੀਨ ਅਤੇ ਅਲੀ ਪੁੱਤਰ ਨੂਰ ਮੁਹੰਮਦ ਦੇ ਡੇਰੇ ਕੋਲ ਪਰਾਲੀ ਦੇ ਢੇਰ ਨੂੰ ਅੱਗ ਲੱਗ ਗਈ। ਤੇਜੀ ਨਾਲ ਫੈਲੀ ਅੱਗ ਕਾਰਨ ਉਨ੍ਹਾਂ ਦੇ ਕੁੱਲ ਤੇ ਛੰਨਾਂ ਵੀ ਸੜ ਗਈਆਂ। ਗੁੱਜਰ ਪਰਵਾਰਾਂ ਨੇ ਲੋਕਾਂ ਦੀ ਮਦਦ ਨਾਲ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਕਾਮਯਾਬ ਨਹੀਂ ਹੋ ਸਕੇ। ਦਸੂਹਾ ਤੋਂ ਫਾਇਰ ਅਫਸਰ ਦੀਪਕ ਕੁਮਾਰ ਦੀ ਅਗਵਾਈ ਵਿਚ ਆਈ ਟੀਮ ਨੇ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਦੀ ਮਦਦ ਨਾਲ ਕਾਫੀ ਜੱਦੋਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਪੀੜਤ ਪਰਵਾਰਾਂ ਨੇ ਸਰਕਾਰ ਤੋਂ ਮੁਆਵਜੇ ਦੀ ਮੰਗ ਕੀਤੀ ਹੈ . ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਨੌਜਵਾਨ ਦਾ ਬੇਰਹਿਮੀ ਨਾਲ ਕਤਲ

ਰੋਪੜ (ਬਿੰਦਰਾ) ਸ਼ਹਿਰ ਦੇ ਮੁੱਹਲਾ ਸਦਾਵਰਤ ਤੋਂ ਇਕ ਨੌਜਵਾਨ ਦੇ ਕਤਲ ਦੀ ਸੂਚਨਾ ਮਿਲੀ ਹੈ। ਮ੍ਰਿਤਕ ਦੀ ਪਛਾਣ ਗੁਰਮੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਜੋਂ ਹੋਈ ਹੈ। ਗੁਰਮੀਤ ਦੀ ਮਾਤਾ ਅੱਕੀ ਦੇ ਦਸਣ ਅਨੁਸਾਰ ਗੁਰਮੀਤ ਨੂੰ ਐਤਵਾਰ ਰਾਤੀ 10 ਵੱਜੇ ਉਸ ਦੇ ਦੋਸਤ ਬੁਲਾ ਕੇ ਲੈ ਗਏ ਸਨ ਪਰ ਸਾਰੀ ਰਾਤ ਉਹ ਘਰ ਵਾਪਿਸ ਨਹੀਂ ਆਇਆ। ਸਵੇਰੇ ਉਸ ਦੀ ਭਾਲ ਸ਼ੁਰੂ ਕੀਤੀ ਤਾਂ ਘਰ ਤੋਂ 100 ਕੁ ਮੀਟਰ ਦੂਰ ਉਸ ਦੀ ਖੂਨ ਨਾਲ ਲਥਪਥ ਲਾਸ਼ ਮਿਲੀ। ਸੂਚਨਾ ਮਿਲਣ ਤੇ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਲਾਸ਼ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਪੁਲਸ ਨੇ ਸਕੰਦਰ ਸਿੰਘ, ਬਾਜ,ਕਾਲਾ ਸਿੰਘ, ਤੇ ਸੁਮਨੀ ਖਿਲਾਫ ਧਾਰਾ 302,0ਤਹਿਤ ਕੇਸ ਦਰਜ ਕੀਤਾ ਹੈ । ਲਾਸ਼ ਨੇੜਿਓਂ ਲੋਹੇ ਦੀ ਛੀਣੀ, ਖੂਨ ਨਾਲ ਲਿਬੜੇ ਇਟਾਂ, ਪੱਥਰ ਮਿਲੇ ਹਨ ਜਿਸ ਨਾਲ ਕਤਲ ਕੀਤਾ ਗਿਆ ਹੈ। ਮ੍ਰਿਤਕ ਦੀ ਮਾਂ ਦਾ ਕਹਿਣਾ ਹੈ ਕਿ ਕੁਝ ਦਿਨ ਪਹਿਲਾਂ ਆਟੋ ਰਿਕਸ਼ਾ ਤੋਂ ਸਿਲੰਡਰ, ਬੈਟਰੀ, ਸਟੇਪਣੀ, ਡੈਕ ਚੋਰੀ ਹੋ ਗਏ ਸਨ, ਜਿਸ ਬਾਰੇ ਪੁਲਸ ਪਾਸ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਇਨ੍ਹਾਂ ਦਾ ਨਾਂਅ ਲਿਖਾਇਆ ਸੀ, ਉਸੇ ਦਾ ਬਦਲਾ ਲੈਣ ਲਈ ਇਹ ਕਤਲ ਕੀਤਾ ਗਿਆ ਹੈ ।

ਪ੍ਰਵਾਸੀ ਨੇ ਅੰਮ੍ਰਿਤਧਾਰੀ ਦੀ ਕੀਤੀ ਕੁੱਟਮਾਰ

ਫਿਲੌਰ (ਨਿਰਮਲ ਸਿੰਘ)-ਨਜਦੀਕੀ ਪਿੰਡ ਨਗਰ ਵਿਖੇ ਉਸ ਵੇਲੇ ਮਾਹੌਲ ਤਣਾਅਪੂਰਨ ਹੋ ਗਿਆ ਜਦੋਂ ਅੰਮ੍ਰਿਤਧਾਰੀ ਅਮਰਜੀਤ ਸਿੰਘ ਵਾਸੀ ਨਗਰ ਥਾਣਾ ਫਿਲੌਰ ਦੀ ਪ੍ਰਵਾਸੀ ਮਜ਼ਦੂਰ ਦਲੀਪ ਨੇ ਕੁੱਟਮਾਰ ਕਰਕੇ ਕੇਸਾਂ ਦੀ ਬੇਅਦਬੀ ਕੀਤੀ। ਪੀੜਤ ਨੇ ਦੱਸਿਆ ਕਿ ਉਹ ਰਾਤ ਨੂੰ ਵੀ ਮੈਨੂੰ ਗਾਲੀ ਗਲੋਚ ਕਰਦਾ ਸੀ ਤੇ ਅੱਜ ਉਸ ਦੇ ਭਰਾ ਜੋਗਾ ਸਿੰਘ ਪੁੱਤਰ ਗੁਰਮੇਜ ਸਿੰਘ ਦੀ ਸ਼ਹਿ 'ਤੇ ਸਵੇਰੇ ਦਲੀਪ ਨੇ ਕੁੱਟਮਾਰ ਕੀਤੀ ਤੇ ਕੇਸਾਂ ਦੀ ਵੀ ਬੇਅਦਬੀ ਕੀਤੀ । ਜਿਸ ਦੀ ਸੂਚਨਾ ਥਾਣਾ ਫਿਲੌਰ ਨੂੰ ਦੇ ਦਿੱਤੀ ਗਈ। ਮੌਕੇ ਤੇ ਪੁਲਸ ਨੇ ਪਹੁੰਚ ਕੇ ਪ੍ਰਵਾਸੀ ਮਜ਼ਦੂਰ ਨੂੰ ਕਾਬੂ ਕਰ ਲਿਆ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਦੀ ਆਰਥਕ ਸਹਾਇਤਾ

ਮਾਹਿਲਪੁਰ (ਸਫਰੀ)

ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਨੇ ਪਿੰਡ ਬਡੇਸਰੋਂ ਦੇ ਭਲਵਾਨ ਰਾਜ ਕੁਮਾਰ ਜੋ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਹੈ ਅਤੇ ਜਿਸ ਦਾ ਡਾਇਲਿਸਿਸ ਹੁੰਦਾ ਹੈ, ਦੀ ਆਰਥਿਕ ਸਹਾਇਤਾ ਕੀਤੀ ਗਈ। ਟਰੱਸਟ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਕਿ ਬਡੇਸਰੋਂ ਦੇ ਭਲਵਾਨ ਰਾਜ ਕੁਮਾਰ ਗੁਰਦਿਆਂ ਬਿਮਾਰੀ ਤੋ

25-MAY-PAGE-10.qxd 5/24/2023 10:01 PM Page 1

ਕੁਝ ਮਿੰਟਾਂ ਦੀ ਬਰਸਾਤ ਕਾਰਨ ਸੜਕਾਂ ਤੋਂ ਲੰਘਣਾ ਹੋ ਜਾਂਦਾ ਔਖਾ

ਫਰੀਦਕੋਟ (ਐਲਿਗਜੈਂਡਰ ਡਿਸੂਜਾ) -ਮਾਨਸੂਨ ਦੀ ਆਮਦ ਤੋਂ ਪਹਿਲਾਂ ਅਕਸਰ ਹੀ ਸਾਰੀਆਂ ਨਗਰ ਕੌਂਸਲਾਂ ਅਤੇ ਪੰਚਾਇਤਾਂ ਵੱਲੋਂ ਆਪਣੇ ਇਲਾਕਿਆਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ। ਪਰ ਫਰੀਦਕੋਟ ਦੇ ਦਿਹਾਤੀ ਤੇ ਸ਼ਹਿਰੀ ਖੇਤਰ ਵਿੱਚ ਗੁਰੂ ਨਾਨਕ ਕਲੋਨੀ ਅਤੇ ਭਾਨ ਸਿੰਘ ਕਲੋਨੀ ਦੇ ਵਿਚਕਾਰ ਤੋਂ ਲੰਘਦੀ ਅਰਾਈਆਂ ਵਾਲਾ ਰੋਡ ਦੀਆਂ ਸੜਕਾਂ 'ਤੇ ਟੋਏ ਪਏ ਹੋਏ ਹਨ, ਜਿਸ ਕਾਰਨ ਇਨ੍ਹਾਂ ਸੜਕਾਂ ਤੋਂ ਰਾਹਗੀਰਾਂ ਨੂੰ ਲੰਘਣਾ ਬਹੁਤ ਹੀ ਔਖਾ ਹੋ ਜਾਂਦਾ ਹੈ। ਫਰੀਦਕੋਟ ਦੇ ਸੀਵਰੇਜ ਬੋਰਡ ਵਿਭਾਗ ਵੱਲੋਂ ਕੀਤੇ ਗਏ ਕੰਮਾਂ ਦੇ ਮੁਕੰਮਲ ਹੋਣ ਤੋਂ ਬਾਅਦ ਵੀ ਸੜਕਾਂ 'ਤੇ ਪਏ ਟੋਏ ਥੋੜ੍ਹੀ ਜਿਹੀ ਬਾਰਸ਼ ਕਾਰਨ ਪਾਣੀ ਖੜ੍ਹਾ ਹੋ ਜਾਂਦਾ ਹੈ ਅਤੇ ਇੱਥੋਂ ਦੇ ਰਹਿਣ ਵਾਲੇ ਲੋਕਾਂ ਅਤੇ ਲੰਘਣ ਵਾਲੇ ਲੋਕਾਂ ਲਈ ਮੁਸ਼ਕਲ ਹੋ ਜਾਂਦੀ ਹੈ। ਪੰਚਾਇਤ ਅਤੇ ਨਗਰ ਕੌਂਸਲ ਨੇ ਇਕ ਸਾਲ ਤੋਂ ਕੋਈ ਧਿਆਨ ਨਹੀਂ ਦਿੱਤਾ। ਇਸ ਤੋਂ ਇਲਾਵਾ ਮੈਡੀਕਲ ਹਸਪਤਾਲ ਦੇ ਮੁੱਖ ਗੇਟ ਅਤੇ ਬਾਜ਼ੀਗਰ ਬਸਤੀ ਦੀ ਮੁੱਖ ਸੜਕ 'ਤੇ ਬਰਸਾਤ ਦਾ ਪਾਣੀ ਜਮ੍ਹਾਂ ਹੋਣ ਕਾਰਨ ਆਮ ਲੋਕਾਂ ਦਾ ਲੰਘਣਾ ਬਹੁਤ ਮੁਸ਼ਕਲ ਹੁੰਦਾ ਹੈ। ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਰਵੀ ਕੁਮਾਰ ਜਿੰਦਲ ਨੇ ਕਿਹਾ ਕਿ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਡਰੇਨਾਂ ਦੀ ਸਫਾਈ ਦੇ ਹੁਕਮ ਜਾਰੀ ਕਰਕੇ ਕੂੜਾ ਡੰਪਾਂ ਨੂੰ ਸਮੇਂ ਸਿਰ ਚੁੱਕਣ ਦੇ ਪ੍ਰਬੰਧ ਨੂੰ ਸਖਤੀ ਨਾਲ ਲਾਗੂ ਕੀਤੇ ਗਏ ਹਨ, ਤਾਂ ਜੋ ਡੰਪ ਕੂੜਾ ਮੀਂਹ ਕਾਰਨ ਸੀਵਰੇਜ 'ਚ ਨਾ ਜਾ ਸਕੇ, ਉਨ੍ਹਾਂ ਸੀਵਰੇਜ ਵਿਭਾਗ ਨੂੰ ਇਸ ਦੌਰਾਨ ਆਪਣੀ ਜੈਟਿੰਗ ਮਸ਼ੀਨ ਨਾਲ ਸੀਵਰੇਜ ਦੀ ਸਫਾਈ ਕਰਨ ਲਈ ਵੀ ਕਿਹਾ ਗਿਆ, ਤਾਂ ਜੋ ਬਰਸਾਤ ਅਤੇ ਆਮ ਦਿਨਾਂ ਦੌਰਾਨ ਸੀਵਰੇਜ ਦੇ ਪਾਣੀ ਦੀ ਨਿਕਾਸੀ ਸਹੀ ਰਫਤਾਰ ਨਾਲ ਹੋ ਸਕੇ। ਇਸ ਮੌਕੇ ਸਮਾਜ ਸੇਵੀ ਭਗਵੰਤ ਸਿੰਘ ਅਰਾਈਆਂ ਵਾਲਾ ਰੋਡ ਵਾਸੀ ਨੇ ਦੱਸਿਆ ਕਿ ਅਰਾਈਆਂ ਵਾਲਾ ਰੋਡ ਦਾ ਕੰਮ ਇੱਕ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਪਰ ਹੁਣ ਤੱਕ ਸੁਸਾਇਟੀ ਨਗਰ, ਅਰਾਈਆਂ ਵਾਲਾ ਰੋਡ, ਭਾਨ ਸਿੰਘ ਕਲੋਨੀ ਅਤੇ ਗੁਰੂ ਨਾਨਕ ਕਲੋਨੀ ਦੇ ਵਾਸੀ ਇਸ ਕਾਰਨ ਦੁਖੀ ਹਨ। ਇਸ ਮੌਕੇ ਭਾਨ ਸਿੰਘ ਕਲੋਨੀ ਦੇ ਵਸਨੀਕ ਗੁਰਚਰਨ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਅਸੀਂ ਨਰਕ ਭੋਗ ਰਹੇ ਹਾਂ, ਬਰਸਾਤ ਦੇ ਦਿਨਾਂ ਵਿੱਚ ਸੜਕ 'ਤੇ ਪਏ ਟੋਇਆਂ ਵਿੱਚ ਪਾਣੀ ਜਮ੍ਹਾਂ ਹੋਣ ਕਾਰਨ ਇੱਥੋਂ ਲੰਘਣ ਵਾਲੇ ਲੋਕਾਂ ਦਾ ਕੀ ਹਾਲ ਹੁੰਦਾ ਹੈ। ਇਹ ਸੜਕਾਂ, ਇਸ ਤੋਂ ਇਲਾਵਾ ਇਸ ਸੜਕ 'ਤੇ ਰਹਿਣ ਵਾਲੇ ਸਾਡੇ ਸਾਰਿਆਂ ਦੀ ਹਾਲਤ ਬਹੁਤ ਖਰਾਬ ਹੈ। ਪ੍ਰਸ਼ਾਸਨ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਸ਼ਹਿਰ ਵਾਸੀਆਂ ਦਾ ਜਿਊਣਾ ਸਹੀ ਹੋ ਸਕੇ।

ਇਸ ਮੌਕੇ ਅਰਾਈਆਂ ਵਾਲਾ ਰੋਡ ਬਹਾਦਰ ਸਿੰਘ ਚੱਕੀ ਵਾਲੇ ਨੇ ਦੱਸਿਆ ਕਿ ਉਹ ਪਿਛਲੇ ਇੱਕ ਸਾਲ ਤੋਂ ਸੜਕ ਦੀ ਖੱਜਲ-ਖੁਆਰੀ ਝੱਲ ਰਹੇ ਹਨ। ਇਸ ਮੌਕੇ ਡਰਾਈਵਰ ਮਹਿੰਦਰ ਸਿੰਘ ਸੁਸਾਇਟੀ ਨਗਰ ਨੇ ਦੱਸਿਆ ਕਿ ਉਹ ਆਪਣੇ ਥ੍ਰੀ-ਵ੍ਹੀਲਰ ਵਿੱਚ ਸਕੂਲੀ ਬੱਚਿਆਂ ਨੂੰ ਲਿਜਾਣ ਦਾ ਕੰਮ ਕਰਦਾ ਹੈ। ਬਰਸਾਤ ਦੇ ਮੌਸਮ ਵਿੱਚ ਤਿੰਨ ਪਹੀਆ ਵਾਹਨ ਇਸ ਸੜਕ ਤੋਂ ਨਹੀਂ ਲੰਘ ਸਕਦੇ। ਇਸ ਮੌਕੇ ਅਰਾਈਆਂ ਵਾਲਾ ਰੋਡ ਦੀ ਵਸਨੀਕ ਜਸਪਾਲ ਕੌਰ ਨੇ ਦੱਸਿਆ ਕਿ ਸੜਕਾਂ ਦਾ ਨਿਰਮਾਣ ਨਾ ਹੋਣ ਕਾਰਨ ਬਰਸਾਤ ਵਿਚ ਸਾਡਾ ਆਉਣਾ-ਜਾਣਾ ਬਹੁਤ ਔਖਾ ਹੋਇਆ ਪਿਆ ਹੈ ਇਨ੍ਹਾਂ ਟੋਇਆਂ ਤੋਂ ਗੀਤ੍ਰ ਦੀ ਹੱਡੀ ਵਿਚ ਦਰਦ ਸ਼ੁਰੂ ਹੋ ਗਈ ਹੈ।

ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਕੋਈ ਪ੍ਰਬੰਧ ਨਹੀਂ ਕੀਤੇ ਗਏ, ਜਿਸ ਦਾ ਸੰਤਾਪ ਅਸੀਂ ਪਿਛਲੇ ਇੱਕ ਸਾਲ ਤੋਂ ਭੋਗ ਰਹੇ ਹਾਂ।

ਅਕੈਡਮੀ ਦੇ ਵਿਦਿਆਰਥੀਆਂ ਤੇ ਸਟਾਫ ਨੇ ਫਿਲਮ 'ਮੇਰਾ ਬਾਬਾ ਨਾਨਕ' ਦੇਖੀ

ਫਰੀਦਕੋਟ (ਐਲਿਗਜੈਂਡਰ ਡਿਸੂਜਾ) -ਬਿਊਟੀ ਐਂਡ ਵੈਲਨੈਸ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਨਵੇਂ ਪ੍ਰਵੇਸ਼ਕਾਰਾਂ ਲਈ "ਹੈਵਨ ਸੈਲੂਨ ਐਂਡ ਅਕੈਡਮੀ" ਫਰੀਦਕੋਟ ਸੁੰਦਰਤਾ, ਹੇਅਰ ਅਤੇ ਮੇਕਅਪ ਦੇ ਸਾਰੇ ਪਹਿਲੂਆਂ ਵਿੱਚ ਕਾਸਮੈਟੋਲੋਜੀ, ਹੇਅਰ ਡਿਜ਼ਾਈਨ ਵਿੱਚ ਡਿਪਲੋਮਾ ਪ੍ਰਦਾਨ ਕਰਦਾ ਹੈ। ਇਹ ਐਕਡਮੀ ਪ੍ਰੋਫੈਸ਼ਨਲ ਸਕਿਲਡ ਕੋਰਸ, ਪ੍ਰੋਫੈਸਨਲ ਐਡਵਾਂਸ ਡਿਪਲੋਮਾ ਇਨ ਨੇਲ ਆਰਟ ਅਤੇ ਫਾਊਂਡੇਸ਼ਨ ਪੱਧਰ ਦੇ ਕੋਰਸ, ਬ੍ਰਾਈਡਲ ਮਹਿੰਦੀ ਐਪਲੀਕੇਸ਼ਨ ਪੱਧਰ 'ਤੇ ਸਿਖਾਏ ਜਾ ਰਹੇ ਹਨ। "ਹੈਵਨ ਸੈਲੂਨ ਐਂਡ ਅਕੈਡਮੀ" ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੇ ਮਾਨਸਿਕ ਪੱਧਰ ਨੂੰ ਵਧਾਉਣ ਦੇ ਨਾਲ-ਨਾਲ ਸਮਾਜਕ ਕਾਰਜ ਕਰਨ ਲਈ ਵੀ ਉਤਸ਼ਾਹਤ ਕਰਦੀ ਹੈ। ਪਿਛਲੇ ਦਿਨੀਂ ਸਥਾਨਕ ਗਿੱਲ ਮਲਟੀਪਲੈਕਸ ਵਿੱਚ "ਹੈਵਨ ਸੈਲੂਨ ਐਂਡ ਅਕੈਡਮੀ" 'ਚ ਆਪਣਾ ਕਰੀਅਰ ਬਣਾ ਰਹੇ ਬੱਚਿਆਂ ਦੇ ਨਾਲ ਸਟਾਫ ਨੇ ਮਿਲ ਕੇ ਫਿਲਮ "ਮੇਰਾ ਬਾਬਾ

ਨਾਨਕ" ਦੇਖੀ ਗਈ। ਇਸ ਮੌਕੇ ਹੈਵਨ ਸੈਲੂਨ ਐਂਡ ਅਕੈਡਮੀ ਦੀ ਸੈਂਟਰ ਹੈੱਡ ਮੈਨੇਜਰ ਨਵਦੀਪ ਕੌਰ ਮਾਹਲਾ ਨੇ ਦੱਸਿਆ ਕਿ ਐਕਡਮੀ ਬੱਚਿਆਂ ਦੀ ਪੜ੍ਹਾਈ ਦੇ ਨਾਲ ਸਮੇਂ-ਸਮੇਂ 'ਤੇ ਬੱਚਿਆਂ ਦੇ ਮਾਨਸਿਕ ਪੱਧਰ ਨੂੰ ਉੱਚਾ ਚੁੱਕਣ ਲਈ ਮਨੋਰੰਜਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਅਤੇ ਸਮਾਜ ਸੇਵਾ ਦੇ ਕੰਮ ਕਰਨ ਦਾ ਮੌਕਾ ਵੀ ਦਿੱਤਾ ਜਾਂਦਾ ਹੈ। ਇਸ ਲਈ ਬੱਚਿਆਂ ਅਤੇ ਸਟਾਫ ਨੂੰ ਧਾਰਮਕ ਫਿਲਮ "ਮੇਰਾ ਬਾਬਾ ਨਾਨਕ" ਦਿਖਾਈ ਗਈ।

ਧਾਰਮਿਕ ਪ੍ਰੀਖਿਆ 'ਚ 5 ਵਿਦਿਆਰਥੀਆਂ ਨੂੰ ਵਜ਼ੀਫਾ

ਦਿੜ੍ਹਬਾ, (ਜਸਵੀਰ ਲਾਡੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਸੈਸ਼ਨ 2021-2022 ਦੌਰਾਨ ਧਾਰਮਿਕ ਪ੍ਰੀਖਿਆ ਕਰਵਾਈ ਗਈ, ਜਿਸ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ 5 ਵਿਦਿਆਰਥੀਆਂ ਨੇ 2100-2100 ਰੁਪਏ ਦੇ ਵਜ਼ੀਫੇ ਪ੍ਰਾਪਤ ਕੀਤੇ ਤੇ ਇੱਕ ਵਿਦਿਆਰਥੀ ਨੇ 1100 ਰੁਪਏ ਦਾ ਵਜ਼ੀਫਾ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਜਥੇਦਾਰ ਤੇਜਾ ਸਿੰਘ ਕਮਾਲਪੁਰ (ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ) ਨੇ ਵਜ਼ੀਫੇ ਦੇ ਕੇ ਸਨਮਾਨਤ ਕੀਤਾ ਤੇ ਇਸ ਪ੍ਰਾਪਤੀ ਲਈ ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾ ਨਾਲ ਪ੍ਰਧਾਨ ਹਰਨੇਕ ਸਿੰਘ ਪੂਨੀਆ, ਮੀਤ ਪ੍ਰਧਾਨ ਰਾਜਾ ਸਿੰਘ ਸਹਾਰਨ, ਪਰਮਜੀਤ ਸਿੰਘ ਧਾਲੀਵਾਲ, ਆਸਾ ਸਿੰਘ (ਮੈਂਬਰਾਨ ਲੋਕਲ ਕਮੇਟੀ ਛਾਜਲੀ, ਢਾਡੀ ਜੱਥਾ ਤਰਸੇਮ ਸਿੰਘ ਪ੍ਰੀਤ, ਪ੍ਰਚਾਰਕ ਭਾਈ ਗੁਰਸੇਵਕ ਸਿੰਘ ਘਰਾਚੋ ਤੇ ਸਮੂਹ ਸਟਾਫ ਹਾਜ਼ਰ ਸੀ।

ਹੋਣਹਾਰ ਖਿਡਾਰੀ ਗੁਰਕਰਨ ਸਿੰਘ ਦਾ ਸਨਮਾਨ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਕਲਾਲ ਮਾਜਰਾ ਦੇ ਹੋਣਹਾਰ ਵਿਦਿਆਰਥੀ ਗੁਰਕਰਨ ਸਿੰਘ ਨੇ ਪੰਜਾਬ ਪੱਧਰੀ ਕਬੱਡੀ ਸਰਕਲ ਵਿੱਚ ਭਾਗ ਲੈ ਕੇ ਸੰਸਥਾ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਹੋਣਹਾਰ ਖਿਡਾਰੀ ਨੂੰ ਉਤਸ਼ਾਹਤ ਕਰਨ ਲਈ ਸਮਾਜ ਸੇਵੀ ਦੀਦਾਰ ਸਿੰਘ ਕਲਾਲ ਮਾਜਰਾ ਵੱਲੋਂ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਮੁੱਖ ਅਧਿਆਪਕ ਸੁਖਪਾਲ ਸਿੰਘ, ਸਰਪੰਚ ਪਲਵਿੰਦਰ ਸਿੰਘ ਨੇ ਇਸ ਤੋਂ ਪ੍ਰੇਰਣਾ ਲੈ ਕੇ ਸਮੂਹ ਵਿਦਿਆਰਥੀਆਂ ਨੂੰ ਖੇਡਾਂ ਤੇ ਪੜ੍ਹਾਈ ਦੇ ਖੇਤਰ 'ਚ ਮੱਲਾਂ ਮਾਰਨ ਲਈ ਉਤਸ਼ਾਹਤ ਕਰਦਿਆਂ ਸਮਾਜ ਸੇਵੀ ਦੀਦਾਰ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਅਜੀਤ ਸਿੰਘ, ਅਮਨਦੀਪ ਕੌਰ, ਸਵਰਨਜੀਤ ਕੌਰ, ਸੰਦੀਪ ਕੌਰ, ਚਰਨਜੀਤ ਕੌਰ, ਜਸਪ੍ਰੀਤ ਕੌਰ, ਜਗਨਦੀਪ ਕੌਰ ਆਦਿ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਕਾਤਰਾਂ

ਨਾਮਿਆ ਮਿੱਡਾ ਨੇ ਜਿੱਤਿਆ ਮਿਸ ਬਿਊਟੀਫੁੱਲ ਸਮਾਈਲ ਦਾ ਖਿਤਾਬ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)- ਟਿੱਬੀ ਸਾਹਿਬ ਰੋਡ ਦੇ ਰਹਿਣ ਵਾਲੇ ਸੰਜੀਵ ਕੁਮਾਰ ਮਿੱਡਾ ਦੀ ਪੁੱਤਰੀ ਨਾਮਿਆ ਮਿੱਡਾ ਨੇ ਨੋਇਡਾ ਫਿਲਮ ਸਿਟੀ ਵਿਖੇ ਹੋਏ ਮਿਸ ਇੰਡੀਆ ਸੁਪਰ ਮਾਡਲ ਮੁਕਾਬਲੇ 2023 ਵਿੱਚ ਭਾਗ ਲੈ ਕੇ ਸ੍ਰੀ ਮੁਕਤਸਰ ਸਾਹਿਬ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੁਕਾਬਲੇ 'ਚ ਨਾਮਿਆ ਨੂੰ ਮਿਸ ਬਿਊਟੀਫੁੱਲ ਸਮਾਈਲ ਇੰਡੀਆ ਦਾ ਖਿਤਾਬ ਵੀ ਮਿਲਿਆ ਹੈ। ਅਦਾਕਾਰਾ ਨੇਹਾ ਧੂਪੀਆ, ਪ੍ਰਿੰਸ ਨਰੂਲਾ ਅਤੇ ਮਸ਼ਹੂਰ ਮੇਕਅੱਪ ਆਰਟਿਸਟ ਭੂਮਿਕਾ ਬਹਿਲ ਇਸ ਮੁਕਾਬਲੇ ਵਿੱਚ ਜੱਜ ਸਨ। ਇਸ ਸ਼ੋਅ ਦਾ ਆਯੋਜਨ ਡ੍ਰੀਮ ਪ੍ਰੋਡਕਸਨ ਹਾਊਸ ਦੇ ਬੈਨਰ ਹੇਠ ਸਰਦ ਚੌਧਰੀ ਨੇ ਕੀਤਾ ਸੀ। ਜਿਸ ਵਿੱਚ ਮਾਡਲਿੰਗ ਮੁਕਾਬਲੇ ਵਿੱਚ ਭਾਰਤ ਭਰ ਤੋਂ ਵੱਡੀ ਗਿਣਤੀ 'ਚ ਲੜਕੀਆਂ ਨੇ ਭਾਗ ਲਿਆ। ਇਸ ਵਿੱਚ ਡੇਰਾ ਭਾਈ ਮਸਤਾਨ ਸਿੰਘ ਦੀ ਪਲੱਸ-ਟੂ ਦੀ ਵਿਦਿਆਰਥਣ ਨਾਮਿਆ ਮਿੱਡਾ ਨੂੰ ਮਿਸ ਬਿਊਟੀਫੁੱਲ ਸਮਾਈਲ ਇੰਡੀਆ ਚੁਣਿਆ ਗਿਆ। ਨਾਮਿਆ ਨੇ ਦੱਸਿਆ ਕਿ ਉਸ ਦੀ ਇੱਛਾ ਫਿਲਮ ਲਾਈਨ 'ਚ ਕਰੀਅਰ ਬਣਾਉਣ ਦੀ ਹੈ। ਉਹ ਅਭਿਨੇਤਰੀ ਬਣਨਾ ਚਾਹੁੰਦੀ ਹੈ ਅਤੇ ਆਪਣੇ ਸ਼ਹਿਰ ਦਾ ਨਾਂਅ ਰੌਸ਼ਨ ਕਰਨਾ ਚਾਹੁੰਦੀ ਹੈ। ਇਸ ਮਹੀਨੇ ਦੇ ਅੰਤ ਤੱਕ ਇਹ ਐਪੀਸੋਡ ਈ-24 ਚੈਨਲ 'ਤੇ ਟੈਲੀਕਾਸਟ ਕੀਤਾ ਜਾਵੇਗਾ।

ਅੱਖਾਂ ਦੇ ਆਪਰੇਸ਼ਨ, ਦੋ ਸੌ ਮਰੀਜ਼ਾਂ ਦਾ ਚੈੱਕਅੱਪ

ਸਮਾਣਾ (ਇੱਕਬਾਲ ਸਿੰਘ ਬੱਲ)- ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਟੇਟ ਕਾਲਜ ਪਟਿਆਲਾ ਦੇ ਸਾਹਮਣੇ ਨੇੜੇ ਮੋਦੀ ਮੰਦਰ ਵਿਖੇ ਡਾਕਟਰ ਜਗਜੀਤ ਅੱਖਾਂ ਦੇ ਹਸਪਤਾਲ ਵਿਖੇ ਅੱਖਾਂ ਦੇ ਆਪਰੇਸ਼ਨਾਂ ਦਾ ਮੁਫਤ ਲੰਗਰ ਲਗਾਇਆ ਗਿਆ ਜਿਸ ਵਿੱਚ 15 ਮਰੀਜ਼ਾਂ ਦੇ ਬਿਲਕੁਲ ਮੁਫਤ ਆਪਰੇਸ਼ਨ ਕੀਤੇ ਗਏ, ਦੋ ਸੌ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਸਾਰੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਸੰਬੰਧੀ ਡਾ. ਜਗਜੀਤ ਸਿੰਘ ਦੰਦੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਉਨ੍ਹਾਂ ਦੇ ਹਸਪਤਾਲ ਵਿਖੇ 23 ਮਈ ਨੂੰ ਅੱਖਾਂ ਦੇ ਆਪਰੇਸ਼ਨਾਂ ਦਾ ਮੁਫਤ ਲੰਗਰ ਲਗਾਇਆ ਗਿਆ। ਜਿਸ ਵਿੱਚ ਮਰੀਜ਼ਾਂ ਦੇ ਮੁਫਤ ਚੈੱਕਅਪ ਕੀਤੇ ਕੀਤੇ ਗਏ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਮੁਫਤ ਆਪਰੇਸ਼ਨ ਕੀਤੇ ਗਏ।

ਸ਼ਹੀਦੀ ਦਿਵਸ ਮਨਾਇਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਪਾਠ ਉਪਰੰਤ ਅਧਿਆਪਕਾਂ ਨੇ ਬੱਚਿਆਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਦੱਸਿਆ। ਇਸ ਮੌਕੇ ਸਮੂਹ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਕੂਲ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

ਕਿਸਾਨ ਸਿਖਲਾਈ ਕੈਂਪ ਲਗਾਇਆ

ਮਮਦੋਟ, (ਹਰਪਾਲ ਸਿੰਘ ਸੋਢੀ)-ਮੁੱਖ ਖੇਤੀਬਾੜੀ ਅਫਸਰ ਡਾ. ਤੇਜਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡਾ. ਵਿਜੈ ਸਿੰਘ ਖੇਤੀਬਾੜੀ ਅਫਸਰ ਦੀ ਯੋਗ ਅਗਵਾਈ ਹੇਠ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਵੱਖ ਵੱਖ ਪਿੰਡਾਂ ਦੇ ਤਕਰੀਬਨ 80 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ ਅਤੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਤੇ 1500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ ਉਸ ਸੰਬੰਧੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਕਿਹਾ ਗਿਆ ਕਿ ਉਹ ਵੱਧ ਤੋਂ ਵੱਧ ਬਾਸਮਤੀ ਲਾਉਣ ਅਤੇ ਕਿਸਾਨਾਂ ਨੂੰ ਹਦਾਇਤ ਕੀਤੀ ਗਈ ਜੋ ਪੰਜਾਬ ਸਰਕਾਰ ਵੱਲੋਂ 10 ਦਵਾਈਆ ਬਾਸਮਤੀ ਦੀ ਫਸਲ ਉਪਰ ਨਾ ਵਰਤਣ ਦੀ ਸਿਫਾਰਸ਼ ਕੀਤੀ ਗਈ। ਇਸ ਤੋਂ ਇਲਾਵਾ ਡਾਕਟਰ ਵਿਜੇ ਸਿੰਘ ਨੇ ਕਿਸਾਨਾਂ ਨੂੰ ਪਾਣੀ ਬਚਾਓ ਪੈਸਾ ਕਮਾਓ ਸਕੀਮ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਸਾਉਣੀ ਦੀ ਫਸਲ ਦੀਆਂ ਕਿਤਾਬਾਂ ਅਤੇ ਕੈਲੰਡਰ ਵੀ ਦਿੱਤੇ ਗਏ।

ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਸੜਕ ਸੁਰੱਖਿਆ ਹਫਤਾ ਮਨਾਇਆ

'ਜਗਰਾਓਂ (ਨਛੱਤਰ ਸੰਧੂ)-7ਵਾਂ ਸੜਕ ਸੁਰੱਖਿਆ ਹਫਤਾ ਮੁਹਿੰਮ ਅਧੀਨ ਨਵਨੀਤ ਸਿੰਘ ਬੈਂਸ ਐਸ.ਐਸ.ਪੀ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਦਿਸ਼ਾ ਨਿਰਦੇਸ਼ ਤਹਿਤ ਗੁਰਬਿੰਦਰ ਸਿੰਘ ਡੀ.ਐੱਸ.ਪੀ ਟ੍ਰੈਫਿਕ

25-May-PAGE-11-Majha-23.qxd 5/24/2023 10:13 PM Page 1

ਪ੍ਰੇਮੀ ਜੋੜੇ ਵੱਲੋਂ ਜ਼ਹਿਰੀਲੀ ਚੀਜ਼ ਖਾ ਕੇ ਆਤਮਹੱਤਿਆ; ਚਾਰ ਵਿਰੁੱਧ ਮਾਮਲਾ ਦਰਜ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼ਹਿਰ ਧਾਰੀਵਾਲ ਦੇ ਲੁਧਿਆਣਾ ਮੁਹੱਲਾ ਨੇੜੇ ਨਹਿਰ ਕਿਨਾਰੇ ਇਕ ਪ੍ਰੇਮੀ ਜੋੜੇ ਨੇ ਕੋਈ ਜ਼ਹਿਰੀਲੀ ਵਸਤੂ ਖਾ ਕੇ ਆਤਮਹੱਤਿਆ ਕਰ ਲਈ। ਮ੍ਰਿਤਕਾਂ ਦੀ ਪਛਾਣ ਵਿਕਰਾਂਤ ਮਸੀਹ (35 ਸਾਲ) ਪੁੱਤਰ ਡੇਵਿਡ ਮਸੀਹ ਅਤੇ ਨੇਹਾ (32 ਸਾਲ) ਪੁੱਤਰੀ ਲੇਟ ਤਿਲਕ ਰਾਜ ਵਾਸੀਆਨ ਮੁਹੱਲਾ ਸ਼ਹਿਜ਼ਾਦਾ ਨੰਗਲ, ਗੁਰਦਾਸਪੁਰ ਵਜੋਂ ਹੋਈ। ਜਾਣਕਾਰੀ ਅਨੁਸਾਰ ਮ੍ਰਿਤਕ ਵਿਕਰਾਂਤ ਮਸੀਹ ਲੈਬ ਟਕਨੀਸ਼ੀਅਨ ਦਾ ਕੰਮ ਕਰਦਾ ਸੀ। ਉਸਨੇ ਜਰਮਨ ਜਾਣ ਲਈ ਆਪਣੇ ਰਿਸ਼ਤੇਦਾਰਾਂ ਨੂੰ 24 ਲੱਖ ਰੁਪਏ ਦਿੱਤੇ ਸਨ ਅਤੇ ਉਸਦੀ ਪ੍ਰੇਮਿਕਾ ਵੀ ਉਸ ਨਾਲ ਵਿਦੇਸ਼ ਜਾਣਾ ਚਾਹੁੰਦੀ ਸੀ। ਰਿਸ਼ਤੇਦਾਰਾਂ ਨੇ ਉਸਨੂੰ ਨਾ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਿਸ ਕੀਤੇ। ਇਹ ਪ੍ਰੇਸ਼ਾਨੀ ਦੋਵਾਂ ਦੀ ਮੌਤ ਦਾ ਕਾਰਨ ਬਣੀ। ਇਸ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੇ ਚਾਰ ਜਣਿਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਮ੍ਰਿਤਕ ਦੇ ਭਰਾ ਰੋਹਿਤ ਨੇ ਪੁਲਸ ਨੂੰ ਦੱਸਿਆ ਕਿ ਉਸਦਾ ਭਰਾ ਵਿਕਰਾਂਤ ਮਸੀਹ ਦਾ ਆਪਣੇ ਮੁਹੱਲੇ ਦੀ ਲੜਕੀ ਨੇਹਾ ਨਾਲ ਪ੍ਰੇਮ ਸਬੰਧ ਸਨ। ਇਹ ਦੋਵੇਂ ਕਿਸੇ ਨਿੱਜੀ ਕੰਮ ਲਈ ਸ਼ਹਿਰ ਧਾਰੀਵਾਲ ਗਏ ਸਨ। ਉਸਦੇ ਭਰਾ ਵਿਕਰਾਂਤ ਮਸੀਹ ਨੇ ਇੱਕ ਪੋਸਟ ਫੇਸਬੁੱਕ ਤੇ ਪਾਈ ਜਿਸ ਵਿੱਚ ਦੱਸਿਆ ਕਿ ਉਸ (ਵਿਕਰਾਂਤ ਮਸੀਹ) ਨੇ 24 ਲੱਖ ਰੁਪਏ ਜਰਮਨ ਜਾਣ ਲਈ ਗੁਲਜ਼ਾਰ ਮਸੀਹ, ਮੰਨਜੂਰ ਮਸੀਹ ਪੁੱਤਰਾਨ ਮਹਿੰਗਾ ਮਸੀਹ, ਸੋਨੀਆ ਮਸੀਹ ਪੁੱਤਰੀ ਗੁਲਜ਼ਾਰ ਮਸੀਹ ਵਾਸੀਆਂਨ ਸ਼ਿਕਾਰ ਮਾਛੀਆ, ਥਾਣਾ ਕੋਟਲੀ ਸੂਰਤ ਮੱਲੀ ਬਟਾਲਾ, ਨੁਮੀਨਾ ਖੋਖਰ ਪਤਨੀ ਰਵਿੰਦਰ ਖੋਖਰ ਵਾਸੀ ਕਰਤਾਰ ਨਗਰ ਥਾਣਾ ਛੇਹਰਟਾ ਨੂੰ ਦਿੱਤੇ ਸਨ। ਉਨ੍ਹਾਂ ਨੇ ਵਿਦੇਸ ਵੀ ਨਹੀਂ ਭੇਜਿਆ ਅਤੇ ਨਾ ਹੀ ਪੈਸੇ ਵਾਪਿਸ ਕੀਤੇ ਹਨ। ਇਨ੍ਹਾਂ ਤੋਂ ਦੁਖੀ ਹੋ ਕੇ ਆਪਣਾ ਆਪ ਖਤਮ ਕਰਨ ਜਾ ਰਿਹਾ ਹੈ। ਇਹ ਪ੍ਰੇਸ਼ਾਨੀ ਹੀ ਵਿਕਰਾਂਤ ਮਸੀਹ ਅਤੇ ਨੇਹਾ (ਪ੍ਰੇਮੀ ਜੋੜੇ) ਦੀ ਮੌਤ ਕਾਰਨ ਬਣੀ ਹੈ। ਨੇਹਾ ਵੀ ਉਸਦੇ ਨਾਲ ਵਿਦੇਸ਼ ਜਾਣਾ ਚਾਹੁੰਦੀ ਸੀ। ਪੁਲਸ ਥਾਣਾ ਧਾਰੀਵਾਲ ਦੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਰੋਹਿਤ ਦੇ ਬਿਆਨਾਂ ਅਨੁਸਾਰ ਗੁਲਜ਼ਾਰ ਮਸੀਹ, ਮੰਨਜੂਰ ਮਸੀਹ, ਸੋਨੀਆ ਮਸੀਹ ਅਤੇ ਨੁਮੀਨਾ ਖੋਖਰ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੀ ਐੱਮ ਕਿਸਾਨ ਸਨਮਾਨ ਯੋਜਨਾ ਦਾ ਲਾਭ ਲੈਣ ਲਈ ਜ਼ਮੀਨ ਦੀ ਜਾਣਕਾਰੀ ਦਰਜ ਕਰਵਾਉਣਾ ਜ਼ਰੂਰੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਮੁੱਖ ਖੇਤੀਬਾੜੀ ਅਫਸਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਲਈ ਲਾਭਪਾਤਰੀ ਦਾ ਪੀ. ਐਮ. ਕਿਸਾਨ ਪੋਰਟਲ 'ਤੇ ਲੈਂਡਸੀਡਿੰਗ (ਜ਼ਮੀਨ ਦੀ ਜਾਣਕਾਰੀ) ਦਰਜ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨਾਂ ਵੱਲੋਂ ਅਜੇ ਤੱਕ ਜਾਣਕਾਰੀ ਦਰਜ ਨਹੀਂ ਕਰਵਾਈ ਗਈ ਹੈ ਉਹ ਆਪਣੇ ਨੇੜੇ ਦੇ ਖੇਤੀਬਾੜੀ ਦਫ਼ਤਰ ਵਿਖੇ ਆਪਣੀ ਜ਼ਮੀਨ ਦੀ ਮਲਕੀਅਤ ਸਬੰਧੀ ਫ਼ਰਦ ਅਤੇ ਆਧਾਰ ਕਾਰਡ ਜਮਾਂ ਕਰਵਾਉਣ ਤਾਂ ਜੋ ਉਹ ਪੀ.ਐਮ. ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਪੜਤਾਲ ਤੋਂ ਬਾਅਦ ਪ੍ਰਾਪਤ ਕਰ ਸਕਣ।

ਉਨ੍ਹਾਂ ਕਿਹਾ ਕਿ ਜਿਹੜੇ ਲਾਭਪਾਤਰੀਆਂ ਵੱਲੋਂ ਹੁਣ ਤੱਕ ਈ-ਕੇ. ਵਾਈ. ਸੀ. ਨਹੀਂ ਕਰਵਾਈ ਗਈ ਹੈ ਉਹ ਵੀ ਜਲਦੀ ਤੋਂ ਜਲਦੀ ਯੋਜਨਾ ਦਾ ਲਾਭ ਲੈਣ ਲਈ ਆਪਣੇ ਆਪ ਜਾਂ ਕਾਮਨ ਸਰਵਿਸ ਸੈਂਟਰ ਤੋਂ ਈ-ਕੇ. ਵਾਈ. ਸੀ. ਕਰਵਾਉਣ ਤਾਂ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ ਸਹੂਲਤ ਦਾ ਲਾਭ ਮਿਲ ਸਕੇ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਕਿਸਾਨ ਇਸ ਸਬੰਧੀ ਖੇਤੀਬਾੜੀ ਵਿਭਾਗ ਦੇ ਬਲਾਕ ਦਫ਼ਤਰਾਂ ਵਿੱਚ ਪਹੁੰਚ ਕਰਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ

ਲੋਕ ਅਧਿਕਾਰ ਲਹਿਰ ਪੰਜਾਬ ਵੱਲੋਂ ਦੋਸ਼ੀ ਟਰੱਕ ਚਾਲਕਾਂ 'ਤੇ ਪਰਚਾ ਦਰਜ ਕਰਨ ਦੀ ਮੰਗ

ਗੁਰਦਾਸਪੁਰ (ਜਨਕ ਮਹਾਜਨ)-ਲੋਕ ਅਧਿਕਾਰ ਲਹਿਰ ਪੰਜਾਬ ਦੇ ਮੁੱਖ ਆਗੂ ਡਾ. ਗੁਰਇਕਬਾਲ ਸਿੰਘ ਕਾਹਲੋਂ ਖੇਤੀ ਵਿਰਿਆਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਗੁਰਮੀਤ ਸਿੰਘ ਪਾਹੜਾ, ਬੂਟਾ ਰਾਮ ਆਜ਼ਾਦ ਸੁਖਵਿੰਦਰ ਸਿੰਘ ਮੱਲ੍ਹੀ, ਗੁਰਮੁਖ ਸਿੰਘ ਤੱਤਲਾ, ਸੁਖਵਿੰਦਰ ਸਿੰਘ ਰਾਣਾ, ਆਰ. ਐੱਸ. ਘੁੰਮਣ, ਅਜੀਤ ਸਿੰਘ ਪਾਹੜਾ ਤੇ ਗੁਰਦਿਆਲ ਚੰਦ ਹਾਜ਼ਰ ਹੋਏ। ਮੀਟਿੰਗ ਵਿੱਚ 21 ਮਈ ਨੂੰ ਮਿਲਕ ਪਲਾਂਟ ਚੌਕ ਗੁਰਦਾਸਪੁਰ ਵਿੱਚ ਹੋਏ ਦਰਦਨਾਕ ਹਾਦਸੇ ਸੰਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਘਟਨਾ ਦੀ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਪਾਹੜਾ ਨੇ ਵਿਸਥਾਰ ਵਿਚ ਦੱਸਿਆ ਕਿ ਮਿਲਕ ਪਲਾਂਟ ਚੌਕ ਗੁਰਦਾਸਪੁਰ ਵਿੱਚ ਟ੍ਰੈਫਿਕ ਕੰਟਰੋਲ ਦੀ ਸਹਾਇਤਾ ਲਈ ਕੋਈ ਸੀਸੀਟੀਵੀ ਕੈਮਰਾ ਜਾਂ ਟਰੈਫਿਕ ਕੰਟਰੋਲ ਲਾਈਟਾਂ ਨਹੀਂ ਲੱਗੀਆਂ ਹੋਈਆਂ। ਇਹ ਚੌਕ ਗੁਰਦਾਸਪੁਰ-ਪਠਾਨਕੋਟ ਦਾ ਮੇਨ ਚੌਕ ਹੈ। ਇਸ ਚੌਕ ਰਾਹੀਂ ਮਿਲਟਰੀ ਛਾਉਣੀ ਤੇ ਬੀ. ਐੱਸ. ਐੱਫ. ਛਾਉਣੀ, ਖੇਤੀਬਾੜੀ ਦਫਤਰ, ਯੂਨੀਵਰਸਿਟੀ, ਗੁਰੂ ਰਵਿਦਾਸ ਚੌਕ, ਲਿਟਲ ਫਲਾਵਰ ਸਕੂਲ, ਜ਼ਿਲ੍ਹਾ ਪ੍ਰਸ਼ਾਸਨ ਪ੍ਰਬੰਧਕੀ, ਜ਼ਿਲ੍ਹਾ ਨਿਆਂਇਕ ਕੰਪਲੈਕਸ, ਦਾਣਾ ਮੰਡੀ, ਸਬਜ਼ੀ ਮੰਡੀ, ਦਫਤਰ ਮਾਰਕੀਟ ਕਮੇਟੀ ਕਮੇਟੀ, ਆਈਟੀਆਈ, ਬੇਅੰਤ ਕਾਲਜ, ਹੋਟਲ ਮੈਨੇਜਮੈਂਟ ਕਾਲਜ ਤੇ ਅੰਮ੍ਰਿਤਸਰ-ਪਠਾਨਕੋਟ ਮੇਨ ਬਾਈਪਾਸ ਨੂੰ ਜਾਣ ਵਾਲੀ ਸਾਰੀ ਆਵਾਜਾਈ ਇਸ ਚੌਕ ਰਾਹੀਂ ਲੰਘਦੀ ਹੈ। ਇਸ ਚੌਕ ਦੇ ਦੋਵਾਂ ਪਾਸੇ ਨੁੱਕੜਾਂ ਵਿੱਚ ਫਲ ਵਿਕਰੇਤਾਵਾਂ ਨੇ ਪੱਕੇ ਅੱਡੇ ਜਮਾਏ ਹੋਏ ਹਨ। ਗੁਰਦਾਸਪੁਰ ਸ਼ਹਿਰ ਤੇ ਪਠਾਨਕੋਟ ਵਲੋਂ ਆਉਂਦੀਆਂ ਗੱਡੀਆਂ ਰਾਹਗੀਰਾਂ ਨੂੰ ਨਹੀਂ ਦਿਸਦੀਆਂ ਜਿਸ ਕਰਕੇ ਇਥੇ ਨਿੱਤ ਹਾਦਸੇ ਵਾਪਰਦੇ ਹਨ।

ਅਨੇਕਾਂ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਤੇ ਅਨੇਕਾਂ ਹੀ ਹਾਦਸਾ ਗ੍ਰਸਤ ਹੋ ਕੇ ਜ਼ੰਦਗੀ ਮੌਤ ਨਾਲ ਸੰਘਰਸ਼ ਕਰ ਰਹੇ ਹਨ। 21 ਮਈ ਨੂੰ ਦੁਪਹਿਰ ਦੋ ਢਾਈ ਵਜੇ ਦੇ ਦਰਮਿਆਨ ਸਕੂਟਰੀ ਸਵਾਰ, ਦਿਹਾੜੀਦਾਰ ਪਰਿਵਾਰ ਦੇ ਤਿੰਨ ਜੀਅ ਇਕ ਦੁਰਘਟਨਾ ਦੇ ਸ਼ਿਕਾਰ ਹੋ ਗਏ ਹਨ ਜੋ ਗੁਰਦਾਸਪੁਰ ਤੋਂ ਜਾਂਦੇ ਇਕ ਵਾਹਨ ਨਾਲ ਟਕਰਾਅ ਕੇ ਡਿੱਗ ਪਏ ਤੇ ਪਠਾਨਕੋਟ ਵਲੋਂ ਆਉਂਦੇ ਤੇਜ਼ ਰਫਤਾਰ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਦਰੜੇ ਗਏ ਜਿਨ੍ਹਾਂ ਵਿਚੋਂ ਇਕ 22 ਸਾਲ ਦੇ ਨੌਜਵਾਨ ਦੀ ਮੌਕੇ ਤੇ ਮੌਤ ਹੋ ਗਈ ਹੈ। ਇੱਕ 15 ਸਾਲ ਦੀ ਲੜਕੀ ਤੇ 10 ਸਾਲ ਦਾ ਬੱਚਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਜਿਨ੍ਹਾਂ ਦੇ ਬਚਣ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਚੌਕ ਨੂੰ ਖੁੱਲ੍ਹਿਆਂ ਕਰਨ, ਨਾਜਾਇਜ਼ ਕਬਜੇ ਹਟਾਉਣ ਤੇ ਚੌਕ ਵਿੱਚ ਸੀਸੀਟੀਵੀ ਕੈਮਰੇ/ਟਰੈਫਿਕ ਲਾਈਟਾਂ ਲਗਾਉਣ ਸੰਬੰਧੀ ਲਹਿਰ ਦੇ ਆਗੂਆਂ ਵਲੋਂ ਨਿੱਜੀ ਤੌਰ 'ਤੇ ਪਹਿਲਾਂ ਕਈ ਵਾਰ ਮਿਲਿਆ ਗਿਆ ਹੈ। ਡੀ ਸੀ ਦੇ ਹੁਕਮਾਂ ਨੂੰ ਵੀ ਟਿੱਚ ਸਮਝਿਆ ਗਿਆ।

ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਕਰਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮੰਗ ਪੱਤਰ ਦਿੱਤਾ ਤੇ ਮੰਗ ਕੀਤੀ ਹੈ ਕਿ ਲੋਕ ਨਿਰਮਾਣ ਦੇ ਸੰਬੰਧਤ ਅਧਿਕਾਰੀਆਂ ਜਿਨ੍ਹਾਂ ਨੇ ਤੁਹਾਡੇ ਹੁਕਮਾਂ ਦੀ ਅਦੂਲੀ ਕੀਤੀ ਹੈ ਤੇ ਜਿਨ੍ਹਾਂ ਇਸ ਮਾਮਲੇ ਨੂੰ ਪਹਿਲ ਦੇ ਆਧਾਰ ਤੇ ਹੱਲ ਨਹੀਂ ਕੀਤਾ, ਉਨ੍ਹਾਂ ਉਪਰ ਸਖਤ ਕਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਦੋਵੇਂ ਟਰੱਕਾਂ ਦੇ ਚਾਲਕ ਜੋ ਭਿਅੰਕਰ ਹਾਦਸਾ ਕਰਨ ਉਪਰੰਤ ਆਪਣੇ ਟਰੱਕਾਂ ਸਮੇਤ ਦੌੜ ਗਏ ਹਨ, ਦੀ ਪਛਾਣ ਕਰਕੇ ਉਨ੍ਹਾਂ 'ਤੇ ਬਣਦਾ ਪਰਚਾ ਦਰਜ ਕੀਤਾ ਜਾਵੇ।

ਭਿੱਖੀਵਿੰਡ ਜ਼ੋਨ ਦੇ ਪਿੰਡਾਂ 'ਚ ਮੀਟਿੰਗਾਂ ਦਾ ਦੌਰ ਜਾਰੀ : ਸਕਰੀ, ਪਿੱਦੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਵੱਲੋਂ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਪ੍ਰਧਾਨਗੀ ਹੇਠ ਜ਼ੋਨ ਦੇ ਪਿੰਡ ਮਨਾਵਾਂ, ਚੀਮਾ ਖੁਰਦ, ਨਵਾਂ ਪਿੰਡ ਫਤਿਹਪੁਰ, ਭੈਣੀ ਮੱਸਾ ਸਿੰਘ, ਮੱਦਰ, ਮਨਿਹਾਲਾ, ਕੱਚਾ ਪੱਕਾ , ਥੇਹ ਨੌਸ਼ਹਿਰਾ, ਮਰਗਿੰਦਪੁਰਾ, ਮੱਖੀ ਕਲਾਂ, ਸਾਂਧਰਾ, ਪਹੂਵਿੰਡ, ਵੀਰਮ, ਡਲੀਰੀ, ਮਾੜੀਮੇਘਾ, ਕਲਸੀਆਂ, ਚੇਲਾ, ਉੱਧੋਕੇ, ਵਾਂ, ਦੋਦੇ, ਅਮੀਸ਼ਾਹ, ਖਾਲੜਾ ਦੇ ਸਾਰੇ ਪਿੰਡਾਂ ਦੇ ਆਗੂਆਂ ਨਾਲ ਮੀਟਿੰਗਾਂ ਹੋਈਆਂ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਜਿੰਦਰ ਸਿੰਘ ਸਕਰੀ, ਫਤਿਹ ਸਿੰਘ ਪਿੱਦੀ, ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਨੇ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪੰਜਾਬ ਦੇ ਨਹਿਰੀ ਦਫਤਰਾਂ ਅੱਗੇ 29,30,31 ਮਈ ਨੂੰ ਪੰਜਾਬ ਵਿੱਚ ਸੱਤ ਥਾਵਾਂ 'ਤੇ ਤਿੰਨ ਰੋਜ਼ਾ ਧਰਨੇ ਲਗਾਏ ਜਾ ਰਹੇ ਹਨ। ਇਸ ਧਰਨੇ ਵਿੱਚ ਨਹਿਰੀ ਪ੍ਰਬੰਧ ਨੂੰ ਪੁਖਤਾ ਕਰਕੇ ਸਾਰੇ ਖੇਤਾਂ ਨੂੰ ਨਹਿਰੀ ਪਾਣੀ ਦੇਣ, ਧਰਤੀ ਹੇਠਲਾ ਤੇ ਉੱਪਰਲਾ ਪਾਣੀ ਪ੍ਰਦੂਸ਼ਣ ਮੁਕਤ ਕਰਨਾ, ਪੰਜਾਬ ਵਿੱਚ ਸੰਸਾਰ ਬੈਂਕ ਦੀਆਂ ਵਿਉਂਤਾਂ ਅਨੁਸਾਰ ਪਾਣੀ ਨੂੰ ਵਸਤੂ ਬਣਾ ਕੇ ਵੇਚਣ ਲਈ ਨਹਿਰਾਂ ਉੱਤੇ ਲਾਏ ਜਾ ਰਹੇ ਪ੍ਰੋਜੈਕਟ ਰੱਦ ਕੀਤੇ ਜਾਣ, ਪੇਂਡੂ ਜਲ ਸਪਲਾਈ ਸਪਲਾਈ ਦਾ ਢਾਂਚਾ ਮਜ਼ਬੂਤ ਕਰਕੇ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇ, ਦਰਿਆਵਾਂ, ਨਹਿਰਾਂ, ਸੇਮ ਨਾਲਿਆ ਤੇ ਧਰਤੀ ਹੇਠ ਬੋਰਾਂ ਰਾਹੀਂ ਜ਼ਹਿਰੀਲਾ ਪਾਣੀ ਪਾ ਕੇ ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਫੈਕਟਰੀਆਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ, ਹੈੱਡ ਵਰਕਸ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਕੰਟਰੋਲ ਪੰਜਾਬ ਸਰਕਾਰ ਨੂੰ ਸੌਂਪਿਆ ਜਾਵੇ, ਪਾਣੀ ਟੇਲਾਂ ਤੱਕ ਪਹੁੰਚਦਾ ਕਰਨ ਲਈ ਅੰਡਰਗਰਾਊਂਡ ਪਾਈਪ ਲਾਈਨਾਂ ਵਿਛਾਈਆਂ ਜਾਣ, ਛਿਮਾਹੀ ਪੈਡੀ ਸੀਜ਼ਨ ਲਈ ਕਿਸਾਨਾਂ ਨੂੰ ਆਰਜ਼ੀ ਮੋਹਰੇ ਦਿੱਤੇ ਜਾਣ ਆਦਿ ਮੰਗਾਂ ਲਾਗੂ ਕਰਵਾਉਣ ਲਈ ਐੱਸਸੀ ਅੰਮ੍ਰਿਤਸਰ ਦੇ ਦਫਤਰ ਵਿਖੇ ਤਿੰਨ ਰੋਜ਼ਾ ਵਿਸਾਲ ਧਰਨਾ ਦਿੱਤਾ ਜਾਵੇਗਾ ਜਿਸ ਦੀਆਂ ਤਿਆਰੀਆਂ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਕਰਵਾਈਆ ਜਾ ਰਹੀਆ ਹਨ ਤੇ 29,30,31 ਮਈ ਨੂੰ ਕਿਸਾਨ ਮਜ਼ਦੂਰ, ਬੀਬੀਆ, ਭੈਣਾਂ ਤੇ ਬੱਚੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਇਸ ਮੌਕੇ ਸੁੱਚਾ ਸਿੰਘ ਵੀਰਮ, ਨਿਸ਼ਾਨ ਸਿੰਘ ਮਾੜੀਮੇਘਾ, ਪੂਰਨ ਸਿੰਘ ਮੱਦਰ ਤੇ ਰਣਜੀਤ ਸਿੰਘ ਚੀਮਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਜਥੇਬੰਦੀ ਵੱਲੋਂ ਬਿਜਲੀ ਦਾ ਨਿੱਜੀਕਰਨ ਦਾ ਵਿਰੋਧ ਨਿਰੰਤਰ ਜਾਰੀ ਰਹੇਗਾ ਤੇ ਚਿੱਪ ਵਾਲੇ ਮੀਟਰ ਕਿਸੇ ਵੀ ਹਾਲਤ ਵਿੱਚ ਲੱਗਣ ਨਹੀਂ ਦਿੱਤੇ ਜਾਣਗੇ। ਇਸ ਮੌਕੇ ਮਾਨ ਸਿੰਘ ਮਾੜੀਮੇਘਾ, ਬਲਿਹਾਰ ਸਿੰਘ ਮਨਿਹਾਲਾ, ਸੁਬੇਗ ਸਿੰਘ ਮੱਖੀ ਕਲਾਂ, ਅਜਮੇਰ ਸਿੰਘ ਅਮੀਸ਼ਾਹ, ਬਚਿੱਤਰ ਸਿੰਘ ਨਵਾਂਪਿੰਡ, ਪਾਲ ਸਿੰਘ ਮਨਾਵਾ, ਬਲਵੀਰ ਸਿੰਘ ਮਨਾਵਾ, ਜਗਜੀਤ ਸਿੰਘ ਭੈਣੀ ਮੱਸਾ ਸਿੰਘ, ਹੀਰਾ ਸਿੰਘ ਮੱਦਰ, ਸਤਨਾਮ ਸਿੰਘ ਮਨਿਹਾਲਾ, ਜਰਨੈਲ ਸਿੰਘ ਕੱਚਾ ਪੱਕਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਜਸਬੀਰ ਸਿੰਘ ਮਰਗਿੰਦਪੁਰਾ, ਗੁਰਨਾਮ ਸਿੰਘ ਮੱਖੀ ਕਲਾਂ, ਹਰਚੰਦ ਸਿੰਘ ਸਾਂਧਰਾ, ਕੰਵਲਜੀਤ ਸਿੰਘ ਪਹੂਵਿੰਡ, ਸਵਰਨ ਸਿੰਘ ਡਲੀਰੀ, ਨਿਰਵੈਲ ਸਿੰਘ ਚੇਲਾ, ਹਰਪਾਲ ਸਿੰਘ ਕਲਸੀਆਂ, ਸੁਖਪਾਲ ਸਿੰਘ ਦੋਦੇ, ਅੰਗਰੇਜ਼ ਸਿੰਘ ਵਾਂ, ਕਾਰਜ ਸਿੰਘ ਅਮੀਸ਼ਾਹ, ਬਾਜ ਸਿੰਘ ਖਾਲੜਾ, ਬਲਦੇਵ ਸਿੰਘ ਉੱਦੋਕੇ ਆਦਿ ਕਿਸਾਨ ਤੇ ਆਗੂ ਸਹਿਬਾਨ ਹਾਜ਼ਰ ਹੋਏ।

ਐੱਸ ਜੀ ਏ ਡੀ ਸਰਕਾਰੀ ਕਾਲਜ ਤਰਨਤਾਰਨ ਵਿਖੇ ਦਾਖਲਾ ਸ਼ੁਰੂ: ਪ੍ਰਿੰ. ਜੋਤੀ ਬਾਲਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਵਿਖੇ ਸ਼ੈਸਨ 2023-24 ਲਈ ਨਵੇਂ ਕੋਰਸਾਂ ਵਿੱਚ ਦਾਖਲਾ ਸ਼ੁਰੂ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਜੋਤੀ ਬਾਲਾ ਨੇ ਦੱਸਿਆ ਕਿ ਕਾਲਜ ਵਿਖੇ ਬੀਏ, ਬੀ ਐਸ ਸੀ (ਇਕਨਾਮਿਕਸ, ਕੰਪਿਊਟਰ ਸਾਇੰਸ, ਮੈਡੀਕਲ, ਨਾਨ-ਮੈਡੀਕਲ) , ਡੀਸੀਏ, ਬੀ ਕਾਮ, ਬੀਸੀਏ, ਬੀਐਸਸੀ ਆਈਟੀ, ਪੀਜੀਡੀਸੀਏ, ਐਮਐਸਸੀ ਕੰਪਿਊਟਰ ਸਾਇੰਸ ਕੋਰਸ ਮੌਜੂਦ ਸਨ। ਕਾਲਜ ਵਿਖੇ ਤਜਰਬੇਕਾਰ ਅਧਿਆਪਕਾਂ ਦੇ ਨਾਲ ਨਾਲ ਅਤਿ ਆਧੁਨਿਕ ਲੈਬਾਰਟਰੀਜ਼, ਸਮਾਰਟ ਕਲਾਸ ਰੂਮ ਹਨ। ਵਿਦਿਆਰਥੀਆਂ ਨ

25-May-PAGE-12.qxd 5/24/2023 10:12 PM Page 1

ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਲਈ ਮੋਮਬੱਤੀਆਂ ਬਾਲ ਕੇ ਆਵਾਜ਼ ਬੁਲੰਦ ਕੀਤੀ

ਮਾਹਿਲਪੁਰ,(ਨਿਰਮਲ ਸਿੰਘ ਮੁੱਗੋਵਾਲ, ਸ.ਫ਼ਰੀ)

ਦਿੱਲੀ ਜੰਤਰ-ਮੰਤਰ 'ਤੇ ਇੱਜਤ ਖਾਤਰ ਇਨਸਾਫ ਲੈਣ ਲਈ ਲੱਗਭੱਗ ਇੱਕ ਮਹੀਨੇ ਤੋਂ ਲਗਾਤਾਰ ਬੈਠੀਆਂ ਧੀਆਂ ਵਲੋਂ ਇੰਡੀਆ ਗੇਟ ਤੇ ਕੱਢੇ ਜਾ ਗਏ ਮੋਮਬੱਤੀ ਮਾਰਚ ਦੇ ਸਮੱਰਥਨ ਵਿੱਚ ਪਿੰਡ ਨੰਗਲ ਖਿਲਾੜੀਆਂ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਦੀ ਅਗਵਾਈ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਵਲੋਂ ਮੋਮਬੱਤੀਆਂ ਬਾਲਕੇ ਪੀੜਤ ਓਲੰਪੀਅਨ ਪਹਿਲਵਾਨ ਧੀਆਂ ਨੂੰ ਤੁਰੰਤ ਇਨਸਾਫ ਦੇਣ ਅਤੇ ਬਲਾਤਕਾਰੀ ਬ੍ਰਿਜ ਭੂਸ਼ਣ ਨੂੰ ਬਿਨਾਂ ਕਿਸੇ ਟਾਲ ਮਟੋਲ ਜਾਂ ਦੇਰੀ ਦੇ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਸੁੱਟਣ ਦੀ ਮੰਗ ਉਠਾਈ ਗਈ। ਜਦੋਂ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਮਹਾਨ ਧੀਆਂ ਦੀ ਇੱਜਤ ਹੀ ਸੁਰੱਖਿਅਤ ਨਹੀਂ ਤੇ ਇਨਸਾਫ ਮਿਲਣ ਦੀ ਕੋਈ ਉਮੀਦ ਨਹੀਂ ਤਾਂ ਅਜਿਹੇ ਭੈੜੇ ਰਾਜਪ੍ਰਬੰਧ ਤੇ ਨਿਕੰਮੇ ਹਾਕਮਾਂ ਤੋਂ ਹੋਰ ਕਿਸ ਭਲੇ ਦੀ ਆਸ ਰੱਖੀ ਜਾ ਸਕਦੀ ਹੈ। ਬ੍ਰਿਜ ਭੂਸ਼ਣ ਓਲੰਪੀਅਨ ਗੋਲਡ ਮੈਡਲ ਦੀ ਕੀਮਤ ਸਿਰਫ 15 ਰੁਪਏ ਦੱਸ ਰਿਹਾ ਹੈ ਤੇ ਧਰਨਾ ਚੁੱਕਣ ਲਈ ਫੁਰਮਾਨ ਜਾਰੀ ਕਰ ਰਿਹਾ ਹੈ। ਮੰਨੀ ਤੇ ਬੋਲੀ ਸਰਕਾਰ ਅਜੇ ਤੱਕ ਆਪਣੇ ਚਹੇਤੇ ਦਰਿੰਦੇ ਐਮ. ਪੀ ਦੀ ਪੂਰੀ ਤਰ੍ਹਾਂ ਮੱਦਦ ਕਰ ਰਹੀ ਹੈ, ਜਿਸ ਨਾਲ ਦੇਸ਼ ਵਾਸੀਆਂ ਹੋਣਹਾਰ ਧੀਆਂ ਦੇ ਮਾਪਿਆਂ ਦੇ ਮਨਾਂ ਵਿੱਚ ਦਹਿਸ਼ਤ ਤੇ ਖੌਫ ਦਾ ਮਾਹੌਲ ਹੈ। ਸੁਪਰੀਮ ਕੋਰਟ ਦੇ ਹੁਕਮਾਂ ਨੂੰ ਉਲੰਘਦਾ ਬ੍ਰਿਜ ਭੂਸ਼ਣ ਸਰੇਆਮ ਘੁੰਮ ਰਿਹਾ ਤੇ ਮੀਡੀਆ ਉਤੇ ਲਗਾਤਾਰ ਕੂੜ ਪ੍ਰਚਾਰ ਕਰ ਰਿਹਾ ਹੈ। ਇਸ ਮੌਕੇ ਤੇ ਗੁਰਮਿੰਦਰ ਕੈਂਡੋਵਾਲ,ਮਲਕੀਤ ਸਿੰਘ ਬਾਹੋਵਾਲ,ਜਸਵਿੰਦਰ ਬੰਗਾ,ਅਮਨਦੀਪ ਸਿੰਘ ਕੰਮੋਵਾਲ, ਕੁਲਦੀਪ ਸਿੰਘ ਸਿੱਧੂ,ਮਾਤਾ ਸਿਮਰਜੀਤ ਕੌਰ ਹੀਰ, ਜਸਪ੍ਰੀਤ ਕੌਰ,ਜੱਸੀ ਨੰਗਲ ਖਿਲਾੜੀਆਂ,ਲਹਿੰਬਰ ਸਿੰਘ, ਸਰਬਜੀਤ ਸਿੰਘ ਸੱਬਾ,ਨਵਨੀਤ ਭਾਰਦਵਾਜ,ਜਸਮੀਤ ਸਿੰਘ, ਹਰਪ੍ਰੀਤ ਸਿੰਘ ਢਿੱਲੋਂ,ਅਲੀ ਮੁਹੰਮਦ,ਗਿਤਾਂਸ਼ੂ ਹਾਜਰ ਸਨ।

ਲਤੀਫਪੁਰਾ ਵਾਸੀਆਂ ਲਈ ਮੁੜ ਵਸੇਬਾ ਸਕੀਮ ਤਹਿਤ ਅਰਜ਼ੀਆਂ ਦੇਣ ਦੀ ਮਿਤੀ 'ਚ 15 ਦਿਨਾਂ ਦਾ ਵਾਧਾ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਇਥੇ ਲਤੀਫਪੁਰਾ ਵਿਖੇ ਪਿਛਲੇ ਸਾਲ ਹਟਾਏ ਨਾਜਾਇਜ਼ ਕਬਜਿਆਂ ਕਾਰਨ ਬੇਘਰ ਹੋਏ ਲੋਕਾਂ ਲਈ ਮਾਨ ਸਰਕਾਰ ਦੇ ਹੁਕਮਾਂ 'ਤੇ ਮੁੜ ਵਸੇਬਾ ਸਕੀਮ ਅਨੁਸਾਰ ਅਰਜੀਆਂ ਦੀ ਮੰਗ ਕੀਤੀ ਗਈ ਹੈ ਅਤੇ ਸਕੀਮ ਮੁਤਾਬਿਕ ਬਿਨੈਕਾਰ ਨੂੰ ਆਪਣੀ ਮਰਜੀ ਅਨੁਸਾਰ ਫਲੈਟ ਜਾਂ ਪਲਾਟ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਦੀ ਖੁੱਲ੍ਹ ਵੀ ਦਿੱਤੀ ਜਾ ਰਹੀ ਹੈ। ਜਲੰਧਰ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਬੁੱਧਵਾਰ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ ਅਨੁਸਾਰ ਮੁਹੱਲਾ ਲਤੀਫਪੁਰਾ ਦੀ ਸੋਧੀ ਹੋਈ ਮੁੜ-ਵਸੇਬਾ ਸਕੀਮ ਤਹਿਤ ਅਰਜੀਆਂ ਦੇਣ ਦੀ ਮਿਤੀ ਵਿੱਚ 15 ਦਿਨਾਂ ਦਾ ਹੋਰ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੁੜ ਵਸੇਬਾ ਸਕੀਮ ਨੂੰ ਹੋਰ ਲਾਹੇਵੰਦ ਬਣਾਉਣ ਲਈ ਮੁੱਖ ਮੰਤਰੀ ਮਾਨ ਦੀਆਂ ਹਦਾਇਤਾਂ ਅਨੁਸਾਰ ਲਾਭਪਾਤਰੀਆਂ ਨੂੰ ਬੀਬੀ ਭਾਨੀ ਕੰਪਲੈਕਸ ਵਿੱਚ ਫਲੈਟ ਲੈਣ ਜਾਂ ਸੂਰਿਆ ਇਨਕਲੇਵ ਐਕਸਟੈਨਸ਼ਨ ਵਿੱਚ ਪਲਾਟ ਵਿਚੋਂ ਕਿਸੇ ਇੱਕ ਦੀ ਚੋਣ ਕਰਨ ਦੀ ਖੁੱਲ੍ਹ ਵੀ ਦਿੱਤੀ ਜਾ ਰਹੀ ਹੈ। ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਨੂੰ ਬੇਨਤੀ ਪੱਤਰ ਦੇ ਨਾਲ ਮੁਹੱਲਾ ਲਤੀਫਪੁਰਾ ਵਿਖੇ ਰਿਹਾਇਸ਼ ਦੇ ਸਬੂਤ ਦੇ ਤੌਰ 'ਤੇ ਬਿਜਲੀ/ਪਾਣੀ ਦਾ ਬਿੱਲ, ਰਾਸ਼ਨ ਕਾਰਡ ਜਾਂ ਆਧਾਰ ਕਾਰਡ ਆਦਿ ਨੂੰ 15 ਦਿਨਾਂ ਦੇ ਅੰਦਰ ਜਲੰਧਰ ਇੰਮਪਰੂਵਮੈਂਟ ਟਰੱਸਟ ਦੇ ਦਫਤਰ ਜਾਂ ਡਿਪਟੀ ਕਮਿਸ਼ਨਰ ਜਲੰਧਰ ਦੇ ਦਫਤਰ ਵਿਖੇ ਪੇਸ਼ ਕਰਨਾ ਹੋਵੇਗਾ। ਇਸੇ ਬੇਨਤੀ ਪੱਤਰ ਵਿੱਚ ਉਨ੍ਹਾਂ ਨੂੰ ਇਹ ਵੀ ਦੱਸਣਾ ਪਵੇਗਾ ਕਿ ਉਹ ਬੀਬੀ ਭਾਨੀ ਕੰਪਲੈਕਸ ਵਿੱਚ ਫਲੈਟ ਲੈਣਾ ਚਾਹੁੰਦੇ ਹਨ ਜਾਂ 94.97 ਏਕੜ ਵਾਲੇ ਸੂਰਿਆ ਇਨਕਲੇਵ ਐਕਸਟੈਨਸ਼ਨ ਵਿੱਚ 50 ਵਰਗ ਗਜ ਦਾ ਪਲਾਟ। ਸੰਘੇੜਾ ਨੇ ਦੱਸਿਆ ਕਿ ਮਾਨ ਸਰਕਾਰ ਲਤੀਫਪੁਰਾ ਵਾਸੀਆਂ ਦੇ ਮੁੜ-ਵਸੇਬੇ ਲਈ ਪੂਰੀ ਤਰ੍ਹਾਂ ਗੰਭੀਰ ਹੈ, ਅਤੇ ਵਸੇਬੇ ਦੀ ਇਹ ਪ੍ਰਕਿਰਿਆ ਜਾਣੀਕਿ ਫਲੈਟਾਂ/ਪਲਾਟਾਂ ਦੀ ਅਲਾਟਮੈਂਟ ਤਹਿ ਕੀਤੀ ਰਿਆਇਤੀ ਕੀਮਤ, ਨਿਯਮਾਂ ਅਤੇ ਸਰਤਾਂ ਅਨੁਸਾਰ ਪੂਰੇ ਪਾਰਦਰਸ਼ੀ ਢੰਗ ਨਾਲ ਹੋਵੇਗੀ।

ਮਾਂਗਾ ਦੇ ਵਿਕਾਸ ਕਾਰਜਾਂ ਲਈ ਸੈਣੀ ਵੱਲੋਂ 2 ਲੱਖ ਦਾ ਚੈੱਕ ਭੇਟ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਹਲਕਾ ਉੜਮੁੜ ਟਾਂਡਾ ਵਿੱਚ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਵਿਚ ਵਿਕਾਸ ਕਾਰਜ ਨੇਪਰੇ ਚਾੜ ਕੇ ਹਲਕਾ ਟਾਂਡਾ ਦੀ ਨੁਹਾਰ ਬਦਲੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਟਾਂਡਾ ਕੇਸਵ ਸਿੰਘ ਸੈਣੀ ਨੇ ਪਿੰਡ ਮਾਂਗਾ ਦੇ ਵਿਕਾਸ ਕਾਰਜਾਂ ਲਈ ਚੈੱਕ ਭੇਟ ਕਰਨ ਸਮੇਂ ਕੀਤਾ। ਉਨ੍ਹਾਂ ਰਾਜਾ ਦੇ ਕੋਟੇ 'ਚੋਂ 2 ਲੱਖ ਰੁਪਏ ਦਾ ਚੈੱਕ ਪਿੰਡ ਦੇ ਨੁਮਾਇੰਦਿਆਂ ਹਵਾਲੇ ਕੀਤਾ। ਸੈਣੀ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸੱਤਾ ਸੰਭਾਲੀ ਹੈ ਉਦੋਂ ਤੋਂ ਪੰਜਾਬ ਅੰਦਰ ਵਿਕਾਸ ਕਾਰਜ ਹੋ ਰਹੇ ਹਨ ਜੋ ਕਿ ਅਕਾਲੀ ਤੇ ਕਾਂਗਰਸ ਦੇ ਕਾਰਜਕਾਲ ਦੌਰਾਨ ਨਹੀਂ ਹੋਏ। ਉਨ੍ਹਾਂ ਪਿੰਡ ਵਾਸੀਆਂ ਨੂੰ ਾਜਨੀਤੀ ਤੋਂ ਉੱਪਰ ਉੱਠ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਨਪ੍ਰੀਤ ਸਿੰਘ ਗੋਲਡੀ ਨਰਵਾਲ,ਇਸ ਮੌਕੇ ਪੰਚ ਤਰਸੇਮ ਸਿੰਘ, ਪੰਚ ਦਵਿੰਦਰ ਸਿੰਘ, ਪੰਚ ਰਵਿੰਦਰ ਕੌਰ, ਪੰਚ ਲਖਵੀਰ ਕੌਰ, ਗੁਰਦੀਪ ਸਿੰਘ ਦੀਪ, ਇਕਬਾਲ ਸਿੰਘ, ਬਲਦੇਵ ਸਿੰਘ, ਚਮਨ ਲਾਲ,ਪ੍ਰੇਮ ਪਡਵਾਲ,ਵਿਕੀ ਮਹਿਦਰੂ, ਬਲਜੀਤ ਸਿੰਘ ਸੈਣੀ ਆਦਿ ਵੀ ਹਾਜਰ ਸਨ।

19ਵਾਂ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਕਰਵਾਇਆ

ਆਦਮਪੁਰ (ਪਰਮਜੀਤ ਸਿੰਘ)-ਧੰਨ- ਧੰਨ ਸਾਂਈ ਬਾਬਾ ਫਕੀਰੇ ਸ਼ਾਹ ਜੀ ਦੀ ਦਰਗਾਹ 'ਤੇ 19ਵਾਂ ਸਾਲਾਨਾ ਜੋੜ ਮੇਲਾ ਮੌਜੂਦਾ ਗੱਦੀਨਸ਼ੀਨ ਸਾਂਈਂ ਲੱਕੀ ਸ਼ਾਹ ਦੀ ਰਹਿਨੁਮਾਈ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ! ਮੇਲੇ ਦੀ ਸ਼ੁਰੂਆਤ ਸਵੇਰੇ 9 ਵਜੇ ਪੀਰਾਂ ਦੀ ਦਰਗਾਹ 'ਤੇ ਚਾਦਰ ਤੇ ਨਿਸ਼ਾਨ ਸਾਹਿਬ ਚੜ੍ਹਾਉਣ ਨਾਲ ਹੋਈ , ਉਪਰੰਤ ਆਏ ਹੋਏ ਗਾਇਕ ਕਲਾਕਾਰਾਂ ਕਮਲ ਖਾਨ, ਕੁਲਵਿੰਦਰ ਕਿੰਦਾ,ਇਸਰਤ ਗੁਲਾਮ ਅਲੀ, ਦਲਵਿੰਦਰ ਦਿਆਲਪੁਰੀ, ਬਲਵਿੰਦਰ ਸੋਨੂੰ,ਜੋਤ ਸਿੱਧੂ, ਸਹਨਾ ਖਾਨ , ਰੂਬੀ ਅਟਵਾਲ ਵਲੋਂ ਆਪੋ ਆਪਣੀ ਗਾਇਕੀ ਦੇ ਫੰਨ ਦਿਖਾਏ ਗਏ। ਸਟੇਜ ਸੈਕਟਰੀ ਦੀ ਸੇਵਾ ਆਸ਼ੂ ਚੋਪੜਾ ਵਲੋਂ ਬਾਖੂਬੀ ਨਿਭਾਈ ਗਈ। ਮੇਲੇ ਵਿੱਚ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੰਤਰੀ, ਐਡਵੋਕੇਟ ਬਲਵਿੰਦਰ ਸਿੰਘ ਬੀ ਐਸ ਪੀ ਨੇਤਾ ਵਲੋਂ ਹਾਜਰੀ ਲਗਵਾਈ ਗਈ ! ਫਰੀ ਮੈਡੀਕਲ ਕੈਂਪ ਅਤੇ ਬਲੱਡ ਡੋਨਰ ਕੈਂਪ ਵੀ ਲਗਾਇਆ ਗਿਆ। ਸਵੇਰ ਤੋਂ ਸ਼ਾਮ ਤੱਕ ਚਾਹ ਪਕੌੜਿਆਂ ਜਲੇਬੀਆਂ ਤੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸਾਂਈਂ ਲੱਕੀ ਸ਼ਾਹ ਦਰਵਾਰ ਸਾਂਈਂ ਫਕੀਰੇ ਸ਼ਾਹ, ਪ੍ਰਿਥੀ ਸਿੰਘ ਬਾਲੀ ਸ਼ਾਮਚੁਰਾਸੀ ਡੇਰਾ ਰੋਜਾ , ਸਤਪਾਲ ਸੱਤੀ ਸਾਂਈਂ ਚੂਹੜੇ, ਬਾਬਾ ਬਲਵੰਤ ਸਿੰਘ ਡੀਂਗਰੀਆਂ ਆਦਿ ਹਾਜਰ ਸਨ! ਰਾਤ ਸਮੇਂ ਸੁੱਖਾ ਸਰੋਆ ਰਾਂਚੋ ਵਾਲੇ ਪਾਰਟੀ ਵੱਲੋਂ ਰਾਜਾ ਹਰੀਸ਼ ਚੰਦਰ ਦੇ ਜੀਵਨ ਅਧਾਰਿਤ ਡਰਾਮਾ ਵੀ ਕੀਤਾ ਗਿਆ।

ਹੈਰੋਇਨ ਤੇ ਡਰੱਗ ਮਨੀ ਸਮੇਤ 2 ਔਰਤਾਂ ਕਾਬੂ

ਫਿਲੌਰ (ਨਿਰਮਲ)- ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ 2 ਮਹਿਲਾ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਗਦੀਸ਼ ਰਾਜ ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਸਬ ਇੰਸਪੈਕਟਰ ਪਰਦੀਪ ਕੁਮਾਰ ਵੱਲੋਂ ਅਮਰਜੀਤ ਕੌਰ ਉਰਫ਼ ਜੀਤਾ ਪਤਨੀ ਬਲਵੀਰ ਰਾਮ ਉਰਫ਼ ਮੰਗਾ ਵਾਸੀ ਮੁਹੱਲਾ ਮੁਕਤਪੁਰਾ ਬੰਗਾ ਥਾਣਾ ਸਿਟੀ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪਾਸੋਂ 08 ਗ੍ਰਾਮ ਹੈਰੋਇਨ ਅਤੇ 2000/- ਰੁਪਏ ਡਰੱਗ ਮਨੀ ਅਤੇ ਬਲਜੀਤ ਕੁਮਾਰੀ ਪਤਨੀ ਚਰੰਜੀ ਲਾਲ ਉਰਫ਼ ਰਾਜੂ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ ਤਾਣਾ ਫਿਲੌਰ ਜ਼ਿਲ੍ਹਾ ਜਲੰਧਰ 13 ਗ੍ਰਾਮ ਹੈਰੋਇਨ ਅਤੇ 3000 ਰੁਪਏ ਡਰੱਗ ਮਨੀ ਬਰਾਮਦ ਕਰਕੇ ਮੁਕੱਦਮਾ ਨੰਬਰ 128 ਮਿਤੀ 24.05.2023 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ।

ਮਕਸੂਦਾਂ ਮੰਡੀ ਦੇ ਪਾਰਕਿੰਗ ਠੇਕੇਦਾਰਾਂ ਵੱਲੋਂ ਵੱਧ ਵਸੂਲੀ ਖਿਲਾਫ ਧਰਨਾ ਪ੍ਰਦਰਸ਼ਨ

ਜਲੰਧਰ (ਇਕਬਾਲ ਸਿੰਘ ਉੱਭੀ)

ਸਥਾਨਕ ਸਬਜ਼ੀ ਮੰਡੀ ਮਕਸੂਦਾਂ ਵਿਖੇ ਸਬਜੀ ਵਿਕਰੇਤਾਵਾਂ ਵੱਲੋਂ ਪਾਰਕਿੰਗ ਦੇ ਲਿਖੇ ਗਏ ਰੇਟਾਂ ਨਾਲੋਂ ਵੱਧ ਵਸੂਲੀ ਕਾਰਨ ਪਾਰਕਿੰਗ ਠੇਕੇਦਾਰ ਖਿਲਾਫ ਧਰਨਾ ਲਗਾ ਕ ਰੋਸ ਪ੍ਰਦਰਸ਼ਨ ਕੀਤਾ ਗਿਆ । ਇਸ ਕਾਰਨ ਗੇਟ ਬੰਦ ਹੋਣ ਕਰਕੇ ਮੁੱਖ ਮਾਰਗ 'ਤੇ ਜਾਮ ਲੱਗਣ ਕਾਰਨ ਆਉਣ ਜਾਣ ਵਾਲਿਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਪਹੁੰਚੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਸੈਲ , ਪਰਮਜੀਤ ਅਰੋੜਾ ਅਤੇ ਸੈਕਟਰੀ ਹਰਬੰਸ ਘਈ ਨੇ ਦੱਸਿਆ ਕਿ ਸਬਜੀ ਮੰਡੀ ਦੇ ਦੋਵਾਂ ਗੇਟਾਂ ਤੇ ਪਾਰਕਿੰਗ ਦੇ ਰੇਟ ਲਿਖੇ ਗਏ ਹਨ ਪਰ ਠੇਕੇਦਾਰ ਦੇ ਕਰਿੰਦਿਆਂ ਵੱਲੋਂ ਲਿਖੇ ਗਏ ਰੇਟਾਂ ਨਾਲੋਂ ਧੱਕੇ ਨਾਲ ਵੱਧ ਪੈਸੇ ਲਏ ਜਾ ਰਹੇ ਹਨ ਜਿਸ ਨਾਲ ਸਬਜੀ ਵਿਕਰੇਤਾਵਾਂ ਦੀ ਸ਼ਰੇਆਮ ਲੁੱਟ ਹੋ ਰਹੀ ਹੈ । ਆਟੋ ਰਿਕਸ਼ਾ ਅਤੇ ਰੇਹੜੀ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਕੋਲੋਂ 15 ਰੁਪਏ ਦੀ ਥਾਂ 'ਤੇ 30 ਰੁਪਏ, ਆਟੋ ਵਾਲਿਆਂ ਕੋਲੋਂ 20 ਰੁਪਏ ਦੀ ਥਾਂ 40 ਤੋਂ 50 ਰੁਪਏ ਤੱਕ ਸਰੇਆਮ ਵਸੂਲੇ ਜਾ ਰਹੇ ਹਨ। ਇਸ ਮੌਕੇ ਘਰੇਲੂ ਸਬਜੀ ਲੈਣ ਆਏ ਵਿਨੈ ਕੁਮਾਰ ਨੇ ਦੱਸਿਆ ਕਿ ਹੁਣ ਸਕੂਟਰ-ਮੋਟਰਸਾਈਕਲ ਵਾਲਿਆਂ ਕੋਲੋਂ 10 ਤੋਂ 20 ਰੁਪਏ ਤੱਕ ਲਏ ਜਾ ਰਹੇ ਹਨ ਅਤੇ ਬਦਸਲੂਕੀ ਵੀ ਕੀਤੀ ਜਾ ਰਹੀ ਹੈ । ਇਸ ਬਾਰੇ ਸੈਕਟਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਦੋਹਾਂ ਗੇਟਾਂ 'ਤੇ ਵਹੀਕਲਾਂ ਦੇ ਰੇਟ ਲਿਖ ਕੇ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਸਬਜੀ ਵਿਕਰੇਤਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਲਿਖੇ ਗਏ ਰੇਟਾਂ ਦੇ ਹਿਸਾਬ ਨਾਲ ਇਹ ਪੈਸੇ ਦੇਣ । ਫਿਰ ਵੀ ਜੇਕਰ ਠੇਕੇਦਾਰਾਂ ਵੱਲੋਂ ਉਨ੍ਹਾਂ ਨਾਲ ਧੱਕੇਸ਼ਾਹੀ ਕਰਨ ਦੀ ਕੋਈ ਸ਼ਿਕਾਇਤ ਮਿਲੇਗੀ ਤਾਂ ਉਸ ਉਪਰ ਵੀ ਕਨੂੰਨੀ ਕਾਰਵਾਈ ਕੀਤੀ ਜਾਵੇਗੀ।

ਸੁਖਬੀਰ ਝੂਠ ਬੋਲ ਰਹੇ, ਮਾਨ ਸਰਕਾਰ ਰਾਜਸਥਾਨ ਨੂੰ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਦੇਵੇਗੀ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ ਪੰਜਾਬ ਨੇ ਰਾਜਸਥਾਨ ਨੂੰ ਪਾਣੀ ਦੇਣ ਦੇ ਮੁੱਦੇ ਦਾ ਖੰਡਨ ਕੀਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸੁਖਬੀਰ ਬਾਦਲ ਰਾਜਸਥਾਨ ਨੂੰ ਪਾਣੀ ਦੇਣ ਦੇ ਮੁੱਦੇ 'ਤੇ ਝੂਠ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਰਾਜਸਥਾਨ ਨੂੰ ਪਾਣੀ ਦੀ ਇੱਕ ਵਾਧੂ ਬੂੰਦ ਵੀ ਨਹੀਂ ਦੇਣ ਜਾ ਰਹੀ। ਬੁੱਧਵਾਰ ਨੂੰ ਇਕ ਵੀਡੀਓ ਜਾਰੀ ਕਰਕੇ ਕੰਗ ਨੇ ਸੁਖਬੀਰ ਬਾਦਲ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਸੁਖਬੀਰ ਬਾਦਲ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਲਈ ਜਾਣਬੁੱਝ ਕੇ ਝੂਠ ਫੈਲਾ ਰਹੇ ਹਨ। ਪਰ ਹੁਣ ਪੰਜਾਬ ਦੇ ਲੋਕ ਇਨ੍ਹਾਂ ਦੇ ਝੂਠ ਤੋਂ ਗੁੰਮਰਾਹ ਹੋਣ ਵਾਲੇ ਨਹੀਂ ਹਨ। ਕੰਗ ਨੇ ਕਿਹਾ ਕਿ ਪੰਜਾਬ ਵਿੱਚ ਪਾਣੀ ਦੀ ਪਹਿਲਾਂ ਹੀ ਕਮੀ ਹੈ, ਇਸ ਲਈ ਵਾਧੂ ਪਾਣੀ ਹੋਰ ਸੂਬਿਆਂ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਪਿਛਲੇ 60-70 ਸਾਲਾਂ ਤੋਂ ਰਾਜਸਥਾਨ ਨੂੰ ਜਿੰਨਾ ਪਾਣੀ ਜਾ ਰਿਹਾ ਹੈ, ਉਸ ਤੋਂ ਵੱਧ ਪਾਣੀ ਦੇਣ ਦੀ ਕਦੇ ਕੋਈ ਗੱਲ ਨਹੀਂ ਹੋਈ। ਰਾਜਸਥਾਨ ਨੂੰ ਇਸ ਤੋਂ ਇੱਕ ਬੂੰਦ ਵੀ ਵੱਧ ਪਾਣੀ ਨਹੀਂ ਮਿਲੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਮਾਨ ਸਰਕਾਰ 'ਤੇ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਦੇਣ ਦੇ ਦੋਸ਼ ਲਗਾ ਰਹੀ ਹੈ, ਜਦਕਿ ਅਸਲੀਅਤ ਇਹ ਹੈ ਕਿ ਮਾਨ ਸਰਕਾਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਅਤੇ ਕਿਸਾਨਾਂ ਅਤੇ ਖੇਤੀ ਦੀ ਹਾਲਤ ਸੁਧਾਰਨ ਲਈ ਲਗਾਤਾਰ ਵੱਡੇ ਫੈਸਲੇ ਲੈ ਰਹੀ ਹੈ। ਜਿਨ੍ਹਾਂ ਥਾਵਾਂ 'ਤੇ ਸਾਲਾਂ ਤੋਂ ਨ